ਅੰਗ ੫੨੭ = ੧ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥
ਸਰਬ ਸ਼ਕਤੀਮਾਨ ਵੈਰਾਟ ਰੂਪ ਅਦੁਤੀ ਪ੍ਰਮਾਤਮਾ, ਸਦੀਵੀ ਹੋਂਦਾ ਵਾਲਾ ਹੈ, ਨਿਰੰਕਾਰ ਦੀ ਸਰਬ ਵਿਆਪਕ ਸ਼ਕਤੀ, ਸਭ ਨੂੰ ਪੈਦਾ ਕਰਨ ਵਾਲੀ ਹਸਤੀ ਹੈ, ਭੈ ਰਹਿਤ ਤੇ ਵੈਰ ਰਹਿਤ ਹੈ। ਮੌਤ ਜਾਂ ਸਮੇਂ ਤੋਂ ਰਹਿਤ ਹਸਤੀ ਹੈ। ਜੋਨੀ ਵਿਚ ਨਹੀਂ ਪੈਂਦਾ, ਸੁਤੇ ਪ੍ਰਕਾਸ ਵਾਨ ਹੈ ਅਤੇ ਗੁਰੂ ਦੀ ਕ੍ਰਿਪਾ ਨਾਲ ਮਿਲਦਾ ਹੈ।

ਰਾਗੁ ਦੇਵਗੰਧਾਰੀ ਮਹਲਾ ੪ ਘਰੁ ੧ ॥ ਸੇਵਕ ਜਨ ਬਨੇ ਠਾਕੁਰ ਲਿਵ ਲਾਗੇ ॥ ਜੋ ਤੁਮਰਾ ਜਸੁ ਕਹਤੇ ਗੁਰਮਤਿ, ਤਿਨ ਮੁਖ ਭਾਗ ਸਭਾਗੇ ॥੧॥ਰਹਾਉ॥ ਟੂਟੇ ਮਾਇਆ ਕੇ ਬੰਧਨ ਫਾਹੇ, ਹਰਿ ਰਾਮ ਨਾਮ ਲਿਵ ਲਾਗੇ ॥ ਹਮਰਾ ਮਨੁ ਮੋਹਿਓ ਗੁਰ ਮੋਹਨਿ, ਹਮ ਬਿਸਮ ਭਈ ਮੁਖਿ ਲਾਗੇ ॥੧॥ ਸਗਲੀ ਰੈਣਿ ਸੋਈ ਅੰਧਿਆਰੀ, ਗੁਰ ਕਿੰਚਤ ਕਿਰਪਾ ਜਾਗੇ ॥ ਜਨ ਨਾਨਕ ਕੇ ਪ੍ਰਭ ਸੁੰਦਰ ਸੁਆਮੀ, ਮੋਹਿ ਤੁਮ ਸਰਿ ਅਵਰੁ ਨ ਲਾਗੇ ॥੨॥੧॥ ਜੋ ਮਨੁੱਖ (ਹਰੀ ਦੇ) ਸੇਵਕ ਬਣੇ ਹਨ, (ਉਨ੍ਹਾਂ ਦੀ) ਲਿਵ ਮਾਲਕ ਹਰੀ ਨਾਲ ਲਗ ਗਈ ਹੈ। (ਹੇ ਪ੍ਰਭੂ !) ਜੋ ਮਨੁੱਖ ਗੁਰਮਤਿ ਦੁਆਰਾ ਤੇਰਾ ਜਸ ਗਾਉਂਦੇ ਹਨ, ਉਨ੍ਹਾਂ ਦੇ ਮੂੰਹ ਚੰਗੇ ਭਾਗਾਂ ਵਾਲੇ ਹਨ।੧।ਰਹਾਉ। (ਉਨ੍ਹਾਂ ਦੇ ਮੋਹ) ਮਾਇਆ ਦੇ ਬੰਧਨ ਅਤੇ (ਜਨਮ ਮਰਣ ਦੇ) ਫਾਹੇ ਟੁੱਟ ਗਏ ਹਨ, (ਜਦੋਂ ਉਨ੍ਹਾਂ ਦੀ) ਲਿਵ ਹਰੀ ਦੇ ਰਾਮ ਨਾਮ ਨਾਲ ਲਗ ਗਈ। ਮੇਰਾ ਮਨ ਮੋਹ ਲੈਣ ਵਾਲੇ ਗੁਰੂ (ਅਮਰ ਦਾਸ ਜੀ) ਨੇ ਮੋਹ ਲਿਆ ਹੈ, ਮੈਂ ਸਨਮੁਖ ਲਗ ਕੇ (ਗੁਰੂ ਦੇ ਦਰਸ਼ਨ ਕਰਕੇ) ਮਸਤ ਹੋ ਗਈ ਹਾਂ (ਸੁੱਧ ਬੁੱਧ ਨਹੀਂ ਰਹੀ)।੧। ਮੈਂ ਸਾਰੀ (ਜੀਵਨ ਰੂਪ) ਰਾਤ ਅਗਿਆਨ ਦੇ ਹਨ੍ਹੇਰੇ ਵਿਚ ਸੁੱਤੀ ਰਹੀ, ਗੁਰੂ ਦੀ ਥੋੜੀ ਜਿਹੀ ਕ੍ਰਿਪਾ ਨਾਲ (ਮੋਹ ਮਾਇਆ ਦੀ ਨੀਂਦ ਵਿਚੋਂ ਮੈ) ਜਾਗ ਪਈ ਹਾਂ (ਗਿਆਨ ਦਾ ਚਾਨਣ ਹੋ ਗਿਆ ਹੈ)। ਦਾਸ ਨਾਨਕ ਦੇ ਹੇ ਸੁੰਦਰ ਮਾਲਕ ਪ੍ਰਭੂ ! ਮੈਨੂੰ ਤੇਰੇ ਬਰਾਬਰ ਦਾ ਹੋਰ ਕੋਈ ਲਗਦਾ (ਪ੍ਰਤੀਤ ਹੁੰਦਾ)।੨।੧।

ਪਦਾਰਥ = ਜਨ–ਮਨੁੱਖ। ਬਨੇ–ਬਣੇ ਹਨ। ਕਹਤੇ–ਗਾਉਂਦੇ ਹਨ। ਗੁਰਮਤਿ–ਗੁਰਮਤ ਦੁਆਰਾ। ਤਿਨ–ਉਨ੍ਹਾਂ ਦੇ। ਸਭਾਗੇ–ਚੰਗੇ ਭਾਗਾਂ ਵਾਲੇ।੧।ਰਹਾਉ। ਹਮਰਾ–ਮੇਰਾ। ਮੋਹਿਓ–ਮੋਹ ਲਿਆ ਹੈ। ਮੋਹਨਿ–ਮੋਹ ਲੈਣ ਵਾਲੇ ਨੇ। ਹਮ–ਮੈਂ। ਬਿਸਮ ਭਈ–ਮਸਤ ਹੋ ਗਈ ਹਾਂ। ਮੁਖਿ ਲਾਗੇ–ਮੂੰਹ ਲਗ (ਦਰਸ਼ਨ ਕਰ) ਕੇ।੧। ਸਗਲੀ–ਸਾਰੀ। ਰੈਣਿ–(ਜੀਵਨ ਰੂਪ) ਰਾਤ। ਸੋਈ–ਸੁੱਤੀ ਰਹੀ। ਕਿੰਚਤ–ਥੋੜੀ ਜਿਹੀ। ਜਨ ਨਾਨਕ–ਦਾਸ ਨਾਨਕ ਦੇ। ਮੋਹਿ–ਮੈਨੂੰ। ਤੁਮ ਸਰਿ–ਤੇਰੇ ਬਰਾਬਰ ਦਾ। ਅਵਰੁ–ਹੋਰ ਕੋਈ। ਲਾਗੇ–ਲਗਦਾ।੨।੧।

ਦੇਵਗੰਧਾਰੀ ॥ ਮੇਰੋ ਸੁੰਦਰੁ ਕਹਹੁ ਮਿਲੈ ਕਿਤੁ ਗਲੀ ॥ ਹਰਿ ਕੇ ਸੰਤ ਬਤਾਵਹੁ ਮਾਰਗੁ ਹਮ ਪੀਛੈ ਲਾਗਿ ਚਲੀ ॥੧॥ਰਹਾਉ॥ ਪ੍ਰਿਅ ਕੇ ਬਚਨ ਸੁਖਾਨੇ ਹੀਅਰੈ, ਇਹ ਚਾਲ ਬਨੀ ਹੈ ਭਲੀ ॥ ਲਟੁਰੀ ਮਧੁਰੀ ਠਾਕੁਰ ਭਾਈ, ਓਹ ਸੁੰਦਰਿ ਹਰਿ ਢੁਲਿ ਮਿਲੀ ॥੧॥ ਏਕੋ ਪ੍ਰਿਉ ਸਖੀਆ ਸਭ ਪ੍ਰਿਅ ਕੀ, ਜੋ ਭਾਵੈ ਪਿਰ ਸਾ ਭਲੀ ॥ ਨਾਨਕੁ ਗਰੀਬੁ ਕਿਆ ਕਰੈ ਬਿਚਾਰਾ, ਹਰਿ ਭਾਵੈ ਤਿਤੁ ਰਾਹਿ ਚਲੀ ॥੨॥੨॥ (ਜਗਿਆਸੂ ਪੁਛਦਾ ਹੈ ਕਿ) ਹਰੀ ਦੇ ਹੇ ਸੰਤ ਜਨੋਂ ! ਮੈਨੂੰ ਦੱਸੋ, ਮੇਰਾ ਸੁੰਦਰ ਪ੍ਰਭੂ ਕਿਸ (ਸਾਧਨ ਰੂਪ) ਗਲੀ ਵਿਚ ਮਿਲੇਗਾ? ; ਕਿਹੜੀਆਂ ਗੱਲਾਂ ਨਾਲ ਮਿਲੇਗਾ? ਮੈਨੂੰ ਉਹ ਰਸਤਾ ਦਸੋ, (ਤਾਂ ਕਿ ਮੈਂ ਤੁਹਾਡੇ) ਪਿੱਛੇ ਲਗ ਕੇ ਚੱਲਾਂ (ਤੁਹਾਡੀ ਸਿਖਿਆ ਤੇ ਅਮਲ ਕਰਾਂ)।੧।ਰਹਾਉ। (ਸੰਤਾਂ ਉਤਰ ਦੇਂਦੇ ਹਨ ਕਿ ਜਿਸ ਜੀਵ ਰੂਪ ਇਸਤ੍ਰੀ ਨੂੰ ਅਪਣੇ) ਪਿਆਰੇ ਦੇ ਬਚਨ ਦਿਲ ਵਿਚ ਚੰਗੇ ਲਗਣ ਲਗ ਪਏ ਹਨ, ਇਹ ਚਾਲ (ਜੀਵਨ ਜੁਗਤੀ ਉਸ ਦੀ) ਭਲੀ ਬਣ ਗਈ ਹੈ। (ਪਹਿਲਾਂ ਭਾਵੇਂ ਉਹ) ਖੁਲ੍ਹੇ ਵਾਲਾਂ ਵਾਲੀ (ਕੁਰੂਪ) ਸੀ, ਮਧਰੀ (ਛੋਟੇ ਕੱਦ ਵਾਲੀ ਭਾਵ ਗੁਣ ਹੀਣ) ਸੀ, (ਪਰ ਜਦ ਉਹ) ਮਾਲਕ ਪ੍ਰਭੂ ਨੂੰ ਚੰਗੀ ਲੱਗੀ, ਉਹ ਸੁੰਦਰ ਰੂਪ ਵਾਲੀ ਹੋ ਗਈ ਅਤੇ ਢਲ (ਨਰਮ ਦਿਲ ਹੋ) ਕੇ ਹਰੀ ਵਿਚ ਮਿਲ ਗਈ।੧। ਪਤੀ ਪ੍ਰਮਾਤਮਾ ਇਕੋ ਹੈ, ਸਾਰੀਆਂ (ਜਗਿਆਸੂ ਰੂਪ) ਸਖੀਆਂ ਉਸੇ ਪਿਆਰੇ ਦੀਆਂ ਹਨ, (ਪਰ) ਜੋ ਪਤੀ ਪ੍ਰਭੂ ਨੂੰ ਚੰਗੀ ਲਗ ਜਾਵੇ, ਉਹ (ਸਖੀ) ਭਲੀ ਹੈ। ਨਾਨਕ ਗਰੀਬ ਵਿਚਾਰਾ ਕੀ ਕਰ ਸਕਦਾ ਹੈ? (ਜੀਵ ਇਸਤ੍ਰੀ) ਉਸੇ ਰਸਤੇ ਤੇ ਚਲਦੀ ਹੈ, (ਜਿਸ ਰਸਤੇ ਤੇ ਤੋਰਨਾ) ਹਰੀ ਨੂੰ ਚੰਗਾ ਲਗਦਾ ਹੈ।੨।੨।

ਪਦਾਰਥ = ਕਹਹੁ–ਦੱਸੋ। ਕਿਤੁ ਗਲੀ–ਕਿਸ ਗਲੀ ਵਿਚ; ਕਿਹੜੀਆਂ ਗੱਲਾਂ ਨਾਲ। ਬਤਾਵਹੁ–ਦੱਸੋ। ਪੀਛੈ–ਪਿੱਛੇ। ਚਲੀ–ਚੱਲਾਂ।੧। ਰਹਾਉ। ਪ੍ਰਿਅ ਕੇ–ਪਿਆਰੇ ਦੇ। ਸੁਖਾਨੇ–ਚੰਗੇ; ਪਿਆਰੇ ਲੱਗੇ। ਹੀਅਰੈ–ਹਿਰਦੇ ਵਿਚ। ਚਾਲ–ਜੀਵਨ ਜੁਗਤ; ਆਚਰਣ। ਬਨੀ–ਬਣ ਗਈ। ਲਟੁਰੀ–ਜਿਸ ਦੇ ਕੇਸ ਉਲਝੇ ਹੋਏ ਹੋਣ; ਕੁੱਬੀ। ਭਾਈ–ਚੰਗੀ ਲੱਗੀ। ਸੁੰਦਰਿ–ਸੁੰਦਰੀ (ਜੀਵ ਇਸਤ੍ਰੀ)। ਢੁਲਿ–ਢਲ ਕੇ; (ਨੀਵੀਂ ਹੋ ਕੇ)।੧। ਪ੍ਰਿਉ–ਪਤੀ ਪ੍ਰਮਾਤਮਾ। ਭਾਵੈ ਪਿਰ–ਪਤੀ ਨੂੰ ਚੰਗੀ ਲਗਦੀ ਹੈ। ਸਾ–ਉਹ। ਤਿਤੁ ਰਾਹਿ–ਉਸ ਰਸਤੇ ਤੇ।੨।੨।

ਦੇਵਗੰਧਾਰੀ ॥ ਮੇਰੇ ਮਨ ! ਮੁਖਿ ਹਰਿ ਹਰਿ ਹਰਿ ਬੋਲੀਐ ॥ ਗੁਰਮੁਖਿ ਰੰਗਿ ਚਲੂਲੈ ਰਾਤੀ, ਹਰਿ ਪ੍ਰੇਮ ਭੀਨੀ ਚੋਲੀਐ ॥੧॥ਰਹਾਉ॥ ਹਉ ਫਿਰਉ ਦਿਵਾਨੀ ਆਵਲ ਬਾਵਲ, ਤਿਸੁ ਕਾਰਣਿ ਹਰਿ ਢੋਲੀਐ ॥ ਕੋਈ ਮੇਲੈ ਮੇਰਾ ਪ੍ਰੀਤਮੁ ਪਿਆਰਾ, ਹਮ ਤਿਸ ਕੀ ਗੁਲ ਗੋਲੀਐ ॥੧॥ ਸਤਿਗੁਰੁ ਪੁਰਖੁ ਮਨਾਵਹੁ ਅਪੁਨਾ, ਹਰਿ ਅੰਮ੍ਰਿਤੁ ਪੀ ਝੋਲੀਐ ॥ ਗੁਰ ਪ੍ਰਸਾਦਿ ਜਨ ਨਾਨਕ ਪਾਇਆ, ਹਰਿ ਲਾਧਾ

ਦੇਹ ਟੋਲੀਐ ॥੨॥੩॥ ਹੇ ਮੇਰੇ ਮਨ! ਹਰੀ ਦਾ ਹਰਿ ਹਰਿ ਨਾਮ ਮੂੰਹ ਨਾਲ ਜਪਣਾ ਚਾਹੀਏ।ਗੁਰੂ ਦੁਆਰਾ (ਮੇਰੀ ਬੁੱਧੀ) ਗੂੜ੍ਹੇ ਲਾਲ ਰੰਗ ਵਿਚ ਰੰਗੀ ਗਈ ਹੈ ਅਤੇ ਦੇਹ ਰੂਪ ਚੋਲੀ ਵੀ ਹਰੀ ਦੇ ਪ੍ਰੇਮ ਵਿਚ ਭਿੱਜ ਗਈ ਹੈ।੧।ਰਹਾਉ।ਉਸ ਪਿਆਰੇ ਹਰੀ ਨੂੰ ਮਿਲਣ ਵਾਸਤੇ ਮੈਂ ਦਿਵਾਨੀ ਤੇ ਆਲ ਮਾਲ (ਹੈਰਾਨ ਪ੍ਰੇਸ਼ਾਨ) ਹੋਈ ਫਿਰਦੀ ਹਾਂ।ਜੇ ਕੋਈ (ਮਹਾਂ ਪੁਰਖ ਮੈਨੂੰ) ਮੇਰਾ ਪਿਆਰਾ ਪ੍ਰੀਤਮ ਮਿਲਾ ਦੇਵੇ, ਮੈਂ ਉਸ ਦੀ ਗੋਲੀਆਂ ਦੀ ਗੋਲੀ ਬਣ ਜਾਂਵਾਂਗੀ।੧।ਮੈ (ਹਰੀ ਨਾਲ ਮਿਲਾਉਣ ਵਾਲੇ) ਅਪਣੇ ਸਤਿਗੁਰੂ ਪੁਰਖ ਨੂੰ ਮਨਾਉਂਦੀ ਹਾਂ ਅਤੇ (ਹਿਰਦੇ ਰੂਪ ਸਰੋਵਰ ਵਿਚੋਂ ਵਾਸ਼ਨਾ ਰੂਪ ਬੂਰ) ਪਰੇ ਹਟਾ ਕੇ ਹਰੀ ਦਾ ਨਾਮ ਅੰਮ੍ਰਿਤ ਪੀਂਦੀ ਹਾਂ {ਅੰਤਰਿ ਖੂਹਟਾ ਅੰਮ੍ਰਿਤਿ ਭਰਿਆ ਸਬਦੇ ਕਾਢਿ ਪੀਐ ਪਨਿਹਾਰੀ ੫੭੦}।ਦਾਸ ਨਾਨਕ ਨੇ (ਇਸ ਤਰ੍ਹਾਂ) ਗੁਰੂ ਦੀ ਕ੍ਰਿਪਾ ਨਾਲ (ਹਰੀ ਨੂੰ) ਪਾ ਲਿਆ ਹੈ, (ਕਿਵੇਂ?) ਸਰੀਰ ਦੇ ਅੰਦਰ ਹੀ ਹਰੀ ਨੂੰ ਟੋਲ ਕੇ ਲੱਭ ਲਿਆ ਹੈ।੨।੩।

ਪਦਾਰਥ = ਮਨ–ਹੇ ਮਨ!।ਮੁਖਿ–ਮੂੰਹ ਨਾਲ।ਬੋਲੀਐ–ਜਪੀਏ।ਗੁਰਮੁਖਿ–ਗੁਰੂ ਦੁਆਰਾ।ਰੰਗਿ ਚਲੂਲੈ–ਗੂੜ੍ਹੇ ਲਾਲ ਰੰਗ ਵਿਚ। ਰਾਤੀ–ਰੰਗੀ ਗਈ।ਭੀਨੀ–ਭਿੱਜ ਗਈ।ਚੋਲੀਐ–ਚੋਲੀ (ਕੁੜਤੀ ਭਾਵ ਦੇਹ ਜਾਂ ਬੁੱਧੀ)।੧।ਰਹਾਉ।ਹਉ–ਮੈਂ।ਫਿਰਉ–ਫਿਰਦੀ ਹਾਂ ।ਦਿਵਾਨੀ–ਪ੍ਰੇਮ ਵਿਚ ਮਸਤ।ਆਵਲ ਬਾਵਲ–ਹੈਰਾਨ ਪ੍ਰੇਸ਼ਾਨ।ਤਿਸੁ ਕਾਰਣਿ–ਉਸ ਵਾਸਤੇ।ਢੋਲੀਐ–ਢੋਲਾ (ਪਿਆਰਾ)।ਗੁਲ ਗੋਲੀਐ–ਦਾਸੀਆਂ ਦੀ ਦਾਸੀ।੧।ਮਨਾਵਹੁ–ਪੂਜਦੀ ਹਾਂ; ਪ੍ਰਸੰਨ ਕਰਦੀ ਹਾਂ।ਝੋਲੀਐ–ਹਟਾ (ਵਿਚਾਰ) ਕੇ; ਹਿਲਾ ਕੇ; ਨਿਤਾਰ ਕੇ। ਲਾਧਾ–ਲੱਭ ਲਿਆ।ਗੁਰ ਪ੍ਰਸਾਦਿ–ਗੁਰੂ ਦੀ ਕ੍ਰਿਪਾ ਨਾਲ।ਦੇਹ–ਸਰੀਰ; ਹਿਰਦਾ।ਟੋਲੀਐ–ਟੋਲ (ਖੋਜ) ਕੇ।੨।੩।

ਦੇਵਗੰਧਾਰੀ ॥ ਅਬ ਹਮ ਚਲੀ ਠਾਕੁਰ ਪਹਿ ਹਾਰਿ ॥ ਜਬ ਹਮ ਸਰਣਿ ਪ੍ਰਭੂ ਕੀ ਆਈ, ਰਾਖੁ ਪ੍ਰਭੂ ਭਾਵੈ ਮਾਰਿ ॥੧॥ਰਹਾਉ॥ ਹੁਣ ਮੈਂ (ਅਪਣੇ ਜਤਨਾਂ ਤੋਂ) ਹਾਰ ਕੇ ਮਾਲਕ ਪ੍ਰਭੂ ਪਾਸ ਚਲੀ ਆਈ ਹਾਂ।ਜਦ ਮੈਂ ਪ੍ਰਭੂ ਦੀ ਸਰਣ ਵਿਚ ਆ ਗਈ ਹਾਂ, ਹੇ ਪ੍ਰਭੂ! (ਹੁਣ ਤੇਰੀ ਮਰਜੀ ਹੈ, ਤੂੰ ਮੈਨੂੰ) ਭਾਵੇਂ ਰੱਖ ਤੇ ਭਾਵੇਂ ਮਾਰ ਦੇ (ਮੈਂ ਤੇਰੇ ਅਧੀਨ ਹਾਂ)।੧।ਰਹਾਉ।

ਅੰਗ ੫੨੮ = ਲੋਕਨ ਕੀ ਚਤੁਰਾਈ ਉਪਮਾ, ਤੇ ਬੈਸੰਤਰਿ ਜਾਰਿ ॥ ਕੋਈ ਭਲਾ ਕਹਉ ਭਾਵੈ ਬੁਰਾ ਕਹਉ ,ਹਮ ਤਨੁ ਦੀਓ ਹੈ ਢਾਰਿ ॥੧॥ ਜੋ ਆਵਤ ਸਰਣਿ ਠਾਕੁਰ ਪ੍ਰਭੁ ਤੁਮਰੀ, ਤਿਸੁ ਰਾਖਹੁ ਕਿਰਪਾ ਧਾਰਿ ॥ ਜਨ ਨਾਨਕ ਸਰਣਿ ਤੁਮਾਰੀ ਹਰਿ ਜੀਉ ,ਰਾਖਹੁ ਲਾਜ ਮੁਰਾਰਿ ॥੨॥੪॥ ਲੋਕਾਂ ਦੀ ਚਤਰਾਈ ਤੇ (ਖੁਸ਼ਾਮਦ ਨਾਲ ਕੀਤੀ) ਵਡਿਆਈ, ਉਹ (ਮੈਂ ਗਿਆਨ ਦੀ) ਅੱਗ ਵਿਚ ਸਾੜ ਦਿਤੀਆਂ ਹਨ।ਭਾਵੇਂ ਕੋਈ ਚੰਗਾ ਕਹੇ, ਭਾਵੇਂ ਬੁਰਾ ਕਹੇ, ਮੈਂ (ਅਪਣਾ ਮਨ ਤੇ) ਤਨ ਪ੍ਰਭੂ ਅੱਗੇ ਅਰਪਣ ਕਰ (ਹੰਕਾਰ ਛਡ) ਦਿਤਾ ਹੈ।੧।ਹੇ ਮਾਲਕ ਪ੍ਰਭੂ! ਜੋ ਵੀ ਪ੍ਰਾਣੀ ਤੇਰੀ ਸ਼ਰਣ ਵਿਚ ਆਉਂਦਾ ਹੈ, ਕਿਰਪਾ ਕਰਕੇ ਤੂੰ ਉਸ ਨੂੰ ਰੱਖ (ਬਚਾ) ਲੈਂਦਾ ਹੈਂ।ਹੇ ਹਰਿ ਜੀਉ! ਦਾਸ ਨਾਨਕ ਵੀ ਤੇਰੀ ਸ਼ਰਣ ਵਿਚ ਆਇਆ ਹੈ, ਹੇ ਪ੍ਰਭੂ! (ਦਾਸ ਦੀ) ਪੈਜ ਰਖ ਲੈ।੨।੪।

ਪਦਾਰਥ = ਅਬ–ਹੁਣ।ਠਾਕੁਰ ਪਹਿ–ਪ੍ਰਭੂ ਪਾਸ।ਹਾਰਿ–ਹਾਰ ਕੇ।ਜਬ–ਜਦੋਂ।ਰਾਖੁ–ਬਚਾ ਲੈ।ਭਾਵੈ–ਭਾਵੇਂ।੧।ਰਹਾਉ।ਲੋਕਨ ਕੀ–ਲੋਕਾਂ ਦੀ।ਉਪਮਾ–ਵਡਿਆਈ।ਤੇ–ਉਹ।ਬੈਸੰਤਰਿ–ਅੱਗ ਵਿਚ।ਜਾਰਿ–ਸਾੜ ਦਿਤੀਆਂ।ਕਹਉ–ਕਹੇ।ਦੀਓ ਢਾਰਿ–ਅਰਪਣ ਕਰ ਦਿਤਾ।੧।ਤਿਸੁ–ਉਸ ਨੂੰ।ਕਿਰਪਾ ਧਾਰਿ–ਕ੍ਰਿਪਾ ਕਰਕੇ।ਲਾਜ–ਇੱਜਤ।ਮੁਰਾਰਿ–ਹੇ ਪ੍ਰਭੂ!।੨।੪।

ਦੇਵਗੰਧਾਰੀ ॥ ਹਰਿ ਗੁਣ ਗਾਵੈ ਹਉ ਤਿਸੁ ਬਲਿਹਾਰੀ ॥ ਦੇਖਿ ਦੇਖਿ ਜੀਵਾ ਸਾਧ ਗੁਰ ਦਰਸਨੁ ,ਜਿਸੁ ਹਿਰਦੈ ਨਾਮੁ ਮੁਰਾਰੀ ॥੧॥ ਰਹਾਉ॥ ਤੁਮ ਪਵਿਤ੍ਰ ਪਾਵਨ ਪੁਰਖ ਪ੍ਰਭ ਸੁਆਮੀ, ਹਮ ਕਿਉ ਕਰਿ ਮਿਲਹ ਜੂਠਾਰੀ ॥ ਹਮਰੈ ਜੀਇ ਹੋਰੁ ਮੁਖਿ ਹੋਰੁ ਹੋਤੁ ਹੈ, ਹਮ ਕਰਮ ਹੀਣ ਕੂੜਿਆਰੀ ॥੧॥ ਹਮਰੀ ਮੁਦ੍ਰ ਨਾਮੁ ਹਰਿ ਸੁਆਮੀ, ਰਿਦ ਅੰਤਰਿ ਦੁਟਸ ਦੁਸਟਾਰੀ ॥ ਜਿਉ ਭਾਵੈ ਤਿਉ ਰਾਖਹੁ ਸੁਆਮੀ, ਜਨ ਨਾਨਕ ਸਰਣਿ ਤੁਮ੍ਾਰੀ ॥੨॥੫॥ (ਹੇ ਭਾਈ! ਜੋ ਪੁਰਖ) ਹਰੀ ਦੇ ਗੁਣ ਗਾਉਂਦਾ ਹੈ, ਮੈਂ ਉਸ ਤੋਂ ਬਲਹਾਰ ਜਾਂਦਾ ਹਾਂ।ਮੈਂ ਉਸ ਸ੍ਰੇਸਟ ਗੁਰੂ ਦੇ ਦਰਸ਼ਨ ਦੇਖ ਦੇਖ ਕੇ ਜਿਉਂਦਾ ਹਾਂ, ਜਿਸ ਦੇ ਹਿਰਦੇ ਵਿਚ ਪ੍ਰਮਾਤਮਾ ਦਾ ਨਾਮ ਹੈ।੧।ਰਹਾਉ।ਹੇ ਮਾਲਕ ਪ੍ਰਭੂ! ਤੁਸੀਂ ਪਵਿਤ੍ਰ ਹੋ ਤੇ (ਹੋਰਨਾਂ ਨੂੰ ਵੀ) ਪਵਿਤ੍ਰ ਕਰਨ ਵਾਲੇ ਪੁਰਖ ਹੋ, ਅਸੀਂ ਅਪਵਿਤ੍ਰ (ਜੀਵ ਆਪ ਜੀ ਨੂੰ) ਕਿਵੇਂ ਕਰਕੇ ਮਿਲ ਸਕਦੇ ਹਾਂ।ਸਾਡੇ ਦਿਲ ਵਿਚ ਕੁਛ ਹੋਰ (ਕੂੜ ਕਬਾੜ ਹੁੰਦਾ) ਹੈ ਤੇ ਮੂੰਹ ਤੋਂ ਕੁਛ ਹੋਰ (ਗਿਆਨ ਭਰਪੂਰ ਵਖਿਆਨ) ਹੁੰਦਾ ਹੈ, ਅਸੀਂ ਭਾਗ ਹੀਣ ਤੇ ਝੂਠੇ (ਲੋਕ) ਹਾਂ।੧।ਹੇ ਮਾਲਕ ਪ੍ਰਭੂ! ਨਾਮ ਜਪਣਾ ਤਾਂ ਸਾਡਾ ਬਾਹਰਲਾ ਦਿਖਾਵਾ ਹੀ ਹੈ ਅਤੇ ਹਿਰਦੇ ਵਿਚ ਦੁਸ਼ਟਾਂ ਵਾਲਾ ਦੁਸ਼ਟ ਪੁਣਾ (ਭੈੜ) ਹੈ।ਹੇ ਸੁਆਮੀ! ਜਿਵੇਂ (ਆਪ ਜੀ ਨੂੰ) ਚੰਗਾ ਲਗਦਾ ਹੈ, ਤਿਵੇਂ (ਸਾਨੂੰ) ਰੱਖ ਲਵੋ (ਦੁਸ਼ਟਪੁਣੇ ਤੋਂ ਬਚਾ ਲਵੋ), ਦਾਸ ਨਾਨਕ ਤੁਹਾਡੀ ਸ਼ਰਣ ਵਿਚ ਆਇਆ ਹੈ।੨। ੫।

ਪਦਾਰਥ = ਹਉ–ਮੈਂ।ਜੀਵਾ–ਜਿਉਂਦਾ ਹਾਂ।ਸਾਧ ਗੁਰ–ਸ੍ਰੇਸਟ ਗੁਰੂ।ਹਿਰਦੈ–ਹਿਰਦੇ ਵਿਚ।ਮੁਰਾਰੀ–(ਅਗਿਆਨ ਵਿਨਾਸ਼ਕ) ਪ੍ਰਭੂ ਦਾ।੧।ਰਹਾਉ।ਪਾਵਨ–ਪਵਿਤ੍ਰ।ਪੁਰਖ ਪ੍ਰਭ–ਸਰਬ ਵਿਆਪਕ ਪ੍ਰਭੂ।ਮਿਲਹ–ਮਿਲ ਸਕਦੇ ਹਾਂ।ਜੂਠਾਰੀ–ਜੂਠੇ (ਅਪਵਿਤ੍ਰ)।ਜੀਇ

–ਦਿਲ ਵਿਚ। ਮੁਖਿ–ਮੂੰਹ ਵਿਚ। ਹੋਤੁ ਹੈ–ਹੁੰਦਾ ਹੈ। ਕਰਮ ਹੀਣ–ਭਾਗ ਹੀਣ। ਕੂੜਿਆਰੀ–ਝੂਠੇ।੧। ਹਮਰੀ–ਸਾਡੀ। ਮੁਦ੍ਰ–ਦਿਖਾਵਾ; ਚਿੰਨ੍ਹ; ਭੇਖ। ਦੁਸਟ–ਭੈੜੇ ਖਿਆਲ। ਦੁਸਟਾਰੀ–ਭੈੜਾ ਪਣ। ਭਾਵੈ–ਚੰਗਾ ਲਗਦਾ ਹੈ।੨।੫।

ਦੇਵਗੰਧਾਰੀ ॥ ਹਰਿ ਕੇ ਨਾਮ ਬਿਨਾ ਸੁੰਦਰਿ ਹੈ ਨਕਟੀ ॥ ਜਿਉ ਬੇਸੁਆ ਕੇ ਘਰਿ ਪੂਤੁ ਜਮਤੁ ਹੈ, ਤਿਸੁ ਨਾਮੁ ਪਰਿਓ ਹੈ ਧ੍ਰਕਟੀ ॥੧॥ਰਹਾਉ॥ ਜਿਨ ਕੈ ਹਿਰਦੈ ਨਾਹਿ ਹਰਿ ਸੁਆਮੀ, ਤੇ ਬਿਗੜ ਰੂਪ ਬੇਰਕਟੀ ॥ ਜਿਉ ਨਿਗੁਰਾ ਬਹੁ ਬਾਤਾ ਜਾਣੈ, ਓਹੁ ਹਰਿ ਦਰਗਹ ਹੈ ਭ੍ਰਸਟੀ ॥੧॥ ਜਿਨ ਕਉ ਦਇਆਲੁ ਹੋਆ ਮੇਰਾ ਸੁਆਮੀ, ਤਿਨਾ ਸਾਧ ਜਨਾ ਪਗ ਚਕਟੀ ॥ ਨਾਨਕ ਪਤਿਤ ਪਵਿਤ ਮਿਲਿ ਸੰਗਤਿ, ਗੁਰ ਸਤਿਗੁਰ ਪਾਛੈ ਛੁਕਟੀ ॥੨॥੬॥ਛਕਾ ੧ (ਹੇ ਭਾਈ! ਚਾਹੇ ਕੋਈ ਇਸਤ੍ਰੀ) ਸੁੰਦਰ ਵੀ ਹੋਵੇ, (ਪਰ ਜੇ) ਹਰੀ ਦੇ ਨਾਮ ਸਿਮਰਨ ਤੋਂ ਬਿਨਾ ਹੈ, (ਤਾਂ ਉਹ) ਨਕ ਵੱਢੀ ਦੇ ਸਮਾਨ ਹੈ (ਗੁਣਵਾਨ ਮਨੁੱਖ ਭੀ ਨਿਕੰਮਾ ਹੈ)। ਜਿਵੇਂ ਵੇਸਵਾ ਦੇ ਘਰ ਵਿਚ ਪੁਤ੍ਰ ਜੰਮਦਾ ਹੈ, ਤਾਂ ਉਸ ਦਾ ਨਾਮ ਧ੍ਰਿਕਾਰਿਆ (ਹਰਾਮੀ) ਪੈ ਜਾਂਦਾ ਹੈ (ਭਾਵੇਂ ਉਹ ਸੋਹਣੀ ਸ਼ਕਲ ਵਾਲਾ ਵੀ ਹੋਵੇ)।੧। ਰਹਾਉ। ਜਿਨ੍ਹਾਂ ਮਨੁੱਖਾਂ ਦੇ ਹਿਰਦੇ ਵਿਚ ਹਰੀ ਮਾਲਕ ਯਾਦ ਨਹੀਂ ਆਉਂਦਾ, (ਇਉਂ ਸਮਝੋ ਕਿ) ਉਹ ਬਿਗੜੀ ਸ਼ਕਲ ਵਾਲੇ ਬਿਗੜੇ ਖ਼ੂਨ ਵਾਲੇ (ਕੋਹੜੀ) ਹਨ। ਜਿਵੇਂ ਨਿਗੁਰਾ ਮਨੁੱਖ (ਚਤਰਾਈ ਦੀਆਂ) ਬਹੁਤ ਗੱਲਾਂ ਜਾਣਦਾ ਹੋਵੇ, (ਪਰ) ਉਹ ਹਰੀ ਦੀ ਦਰਗਾਹ ਵਿਚ ਭ੍ਰਿਸਟਿਆ ਹੋਇਆ ਗਿਣਿਆ ਜਾਂਦਾ ਹੈ।੧। ਜਿਨ੍ਹਾਂ ਪੁਰਖਾਂ ਤਾਈਂ ਮੇਰਾ ਮਾਲਕ ਦਿਆਲ ਹੁੰਦਾ ਹੈ, ਉਹ ਸਾਧ ਜਨਾਂ ਦੇ ਪੈਰ ਚੱਟਦੇ (ਚੁੰਮਦੇ) ਹਨ। ਨਾਨਕ ਗੁਰੂ ਜੀ ਆਖਦੇ ਹਨ ਕਿ ਸਾਧ ਸੰਗਤ ਵਿਚ ਮਿਲ ਕੇ ਪਾਪੀ ਮਨੁੱਖ ਵੀ ਪਵਿਤ੍ਰ ਹੋ ਜਾਂਦਾ ਹੈ ਤੇ ਪੂਜਨੀਕ ਸਤਿਗੁਰੂ ਦੇ ਪਿਛੇ ਲਗ ਕੇ (ਪਾਪੀ ਮਨੁੱਖ ਵੀ) ਮੁਕਤ ਹੋ ਜਾਂਦਾ ਹੈ।੨।੬। ਛਕਾ ੧ (ਛੱਕਾ ਇਕ ਪੜ੍ਹੋ)।

ਪਦਾਰਥ = ਸੁੰਦਰਿ–ਸੁੰਦਰ ਇਸਤ੍ਰੀ। ਨਕਟੀ–ਨੱਕ ਵੱਢੀ (ਕੁਰੂਪ)। ਬੇਸੁਆ–ਵੇਸਵਾ। ਘਰਿ–ਘਰ ਵਿਚ। ਜਮਤੁ ਹੈ–ਜੰਮਦਾ ਹੈ। ਤਿਸੁ–ਉਸ ਦਾ। ਪਰਿਓ ਹੈ–ਪੈ ਜਾਂਦਾ ਹੈ। ਧ੍ਰਕਟੀ–ਕੰਜਰ; ਹਰਾਮੀ।੧। ਹਿਰਦੈ–ਹਿਰਦੇ ਵਿਚ। ਤੇ–ਉਹ। ਬਿਗੜ ਰੂਪ–ਬਿਗੜੀ ਹੋਈ ਸ਼ਕਲ ਵਾਲੇ। ਬੇਰਕਟੀ–ਕੋਹੜੀ। ਬਹੁ ਬਾਤਾ–ਬਹੁਤ ਗੱਲਾਂ। ਭ੍ਰਸਟੀ–ਪਾਪੀ; ਦੁਸ਼ਟ।੧। ਜਿਨ ਕਉ–ਜਿਨ੍ਹਾਂ ਤਾਈਂ। ਤਿਨਾ–ਉਹ। ਪਗ–ਪੈਰ। ਚਕਟੀ–ਚੇਟਕ (ਲਗਨ ਲਗ ਜਾਂਦੀ ਹੈ) ਚੱਟਦੇ (ਚੁੰਮਦੇ; ਪਰਸਦੇ) ਹਨ। ਪਤਿਤ–ਪਾਪੀ। ਪਾਛੈ–ਪਿਛੇ ਲਗ ਕੇ। ਛੁਕਟੀ–ਮੁਕਤ ਹੋ ਜਾਂਦੇ ਹਨ। ਛਕਾ ੧ –ਛੇ ਸ਼ਬਦਾਂ ਦਾ ਇਕ ਸੰਗ੍ਰਹ (ਪਾਠ ਕਰਨ ਸਮੇਂ ਛੱਕਾ ਇਕ ਜਰੂਰ ਪੜ੍ਹੋ)।੨।੬।

ਨੋਟ = ਚਕਟੀ ਤੇ ਛੁਕਟੀ, ਦੋਵੇਂ ਪਦ ਚਟਕੀ ਤੇ ਛੁਟਕੀ ਦਾ ਬਦਲਵਾਂ ਰੂਪ ਹਨ, ਤਾਂ ਕਿ ਤੁਕਾਂਤ ਦਾ ਮੇਲ ਰਹੇ।

ਦੇਵਗੰਧਾਰੀ ਮਹਲਾ ੫ ਘਰੁ ੨ ੴ ਸਤਿਗੁਰ ਪ੍ਰਸਾਦਿ ॥ ਮਾਈ ਗੁਰ ਚਰਣੀ ਚਿਤੁ ਲਾਈਐ ॥ ਪ੍ਰਭੁ ਹੋਇ ਕ੍ਰਿਪਾਲੁ ਕਮਲੁ ਪਰਗਾਸੇ, ਸਦਾ ਸਦਾ ਹਰਿ ਧਿਆਈਐ ॥੧॥ਰਹਾਉ॥ ਅੰਤਰਿ ਏਕੋ ਬਾਹਰਿ ਏਕੋ, ਸਭ ਮਹਿ ਏਕੁ ਸਮਾਈਐ ॥ ਘਟਿ ਅਵਘਟਿ ਰਵਿਆ ਸਭ ਠਾਈ, ਹਰਿ ਪੂਰਨ ਬ੍ਰਹਮੁ ਦਿਖਾਈਐ ॥੧॥ ਉਸਤਤਿ ਕਰਹਿ ਸੇਵਕ ਮੁਨਿ ਕੇਤੇ, ਤੇਰਾ ਅੰਤੁ ਨ ਕਤਹੂ ਪਾਈਐ ॥ ਸੁਖ ਦਾਤੇ ਦੁਖ ਭੰਜਨ ਸੁਆਮੀ, ਜਨ ਨਾਨਕ ਸਦ ਬਲਿ ਜਾਈਐ ॥੨॥੧॥ ਹੇ ਮਾਈ! ਗੁਰੂ ਦੇ ਚਰਨਾਂ ਵਿਚ ਚਿਤ ਲਾਉਣਾ ਚਾਹੀਦਾ ਹੈ। (ਗੁਰੂ ਦੇ ਚਰਨਾਂ ਵਿਚ ਮਨ ਜੁੜ ਕੇ) ਹਰੀ ਨੂੰ ਸਦਾ ਸਦਾ ਸਿਮਰਨਾ ਚਾਹੀਦਾ ਹੈ, (ਇਉਂ) ਪ੍ਰਭੂ ਕ੍ਰਿਪਾਲ ਹੁੰਦਾ ਹੈ ਤੇ ਮਨ ਦਾ ਕਮਲ ਖਿੜ (ਮਨ ਪ੍ਰਸੰਨ ਤੇ ਗਿਆਨਵਾਨ ਹੋ) ਜਾਂਦਾ ਹੈ।੧। ਰਹਾਉ। (ਫਿਰ ਇਹ ਦ੍ਰਿਸਟੀ ਹੋ ਜਾਂਦੀ ਹੈ ਕਿ ਸਰੀਰ ਦੇ) ਅੰਦਰ ਵੀ ਇਕੋ ਪ੍ਰਭੂ ਹੈ ਤੇ ਬਾਹਰ (ਜਗਤ ਵਿਚ) ਵੀ ਇਕੋ ਪ੍ਰਭੂ ਹੈ ਅਤੇ (ਓਹੀ) ਇਕੋ ਪ੍ਰਭੂ ਸਭ ਵਿਚ ਸਮਾ ਰਿਹਾ ਹੈ। ਅੰਦਰ ਬਾਹਰ (ਮਨ ਤੇ ਤਨ ਵਿਚ) ਸਭ ਥਾਂ ਹਰੀ ਪੂਰਨ ਬ੍ਰਹਮ ਪਸਰਿਆ ਹੋਇਆ ਦਿਸਦਾ ਹੈ।੧। (ਹੇ ਪ੍ਰਭੂ!) ਕਿਤਨੇ ਹੀ ਸੇਵਕ, ਕਿਤਨੇ ਹੀ ਰਿਸ਼ੀ ਮੁਨੀ ਤੇਰੀ ਉਸਤਤੀ ਕਰਦੇ ਹਨ, (ਪਰ) ਕਿਸੇ ਤੋਂ ਵੀ ਤੇਰਾ ਅੰਤ ਨਹੀਂ ਪਾਇਆ ਜਾ ਸਕਦਾ। ਹੇ ਸੁੱਖਾਂ ਦੇ ਦਾਤੇ ਤੇ ਦੁਖ ਨਾਸ਼ ਕਰਨ ਵਾਲੇ ਮਾਲਕ ਪ੍ਰਭੂ! ਦਾਸ ਨਾਨਕ ਆਖਦਾ ਹੈ ਕਿ ਤੇਰੇ ਤੋਂ ਸਦਾ ਹੀ ਕੁਰਬਾਨ ਜਾਈਏ।੨।੧।

ਪਦਾਰਥ = ਮਾਈ–ਹੇ ਮਾਈ!। ਲਾਈਐ–ਜੋੜਨਾ ਚਾਹੀਦਾ ਹੈ। ਕਮਲੁ ਪਰਗਾਸੇ–ਹਿਰਦਾ ਖਿੜ ਜਾਂਦਾ ਹੈ; ਮਨ ਦਾ ਵਿਕਾਸ; ਮਨ ਦਾ ਗਿਆਨਵਾਨ ਹੋਣਾ।੧। ਰਹਾਉ। ਅੰਤਰਿ–(ਸਾਰੇ ਸਰੀਰਾਂ ਦੇ) ਅੰਦਰ। ਬਾਹਰਿ–(ਸਰੀਰਾਂ ਤੋਂ) ਬਾਹਰ (ਜਗਤ ਵਿਚ)। ਏਕੋ–ਇਕੋ ਪ੍ਰਭੂ। ਘਟਿ ਅਵਘਟਿ–ਅੰਦਰ ਬਾਹਰ (ਮ.ਕੋ.); ਜੜ੍ਹ ਤੇ ਚੇਤਨ। ਸਭ ਠਾਈ–ਸਭ ਥਾਂ। ਦਿਖਾਈਐ–ਦਿਸਦਾ ਹੈ।੧। ਮੁਨਿ–ਰਿਸ਼ੀ ਮੁਨੀ। ਕੇਤੇ–ਕਿਤਨੇ ਹੀ; ਬੇਅੰਤ। ਕਤਹੂ–ਕਿਸੇ ਤੋਂ ਵੀ। ਦੁਖ ਭੰਜਨ–ਦੁਖ ਨਾਸ਼ ਕਰਨ ਵਾਲਾ। ਸਦ–ਸਦਾ।੨।੧।

ਦੇਵਗੰਧਾਰੀ ॥ ਮਾਈ ਹੋਨਹਾਰ ਸੋ ਹੋਈਐ ॥ ਰਾਚਿ ਰਹਿਓ ਰਚਨਾ ਪ੍ਰਭੁ ਅਪਨੀ, ਕਹਾ ਲਾਭੁ ਕਹਾ ਖੋਈਐ ॥੧॥ਰਹਾਉ॥ ਕਹ ਫੂਲਹਿ ਆਨੰਦ ਬਿਖੈ ਸੋਗ, ਕਬ ਹਸਨੋ ਕਬ ਰੋਈਐ ॥ ਕਬਹੂ ਮੈਲੁ ਭਰੇ ਅਭਿਮਾਨੀ, ਕਬ ਸਾਧੂ ਸੰਗਿ ਧੋਈਐ ॥੧॥ ਕੋਇ ਨ ਮੇਟੈ ਪ੍ਰਭ ਕਾ ਕੀਆ, ਦੂਸਰ ਨਾਹੀ ਅਲੋਈਐ ॥ ਕਹੁ ਨਾਨਕ ਤਿਸੁ ਗੁਰ ਬਲਿਹਾਰੀ, ਜਿਹ ਪ੍ਰਸਾਦਿ ਸੁਖਿ ਸੋਈਐ ॥੨॥੨॥ ਹੇ

ਮਾਈ! ਜੋ (ਪ੍ਰਭੂ ਦੇ ਹੁਕਮ ਅਨੁਸਾਰ) ਹੋਣ ਵਾਲੀ ਗੱਲ ਹੈ, ਉਹ ਹੋ ਕੇ ਹੀ ਰਹਿੰਦੀ ਹੈ।ਪ੍ਰਭੂ ਅਪਣੀ ਜਗਤ ਰਚਨਾ ਵਿਚ ਰਚ (ਮਿਲ) ਰਿਹਾ ਹੈ, (ਤਾਂ ਦੱਸੋ) ਕਿਸ ਦਾ ਲਾਭ ਹੋ ਰਿਹਾ ਹੈ ਤੇ ਕਿਸ ਦਾ ਗੁਆਚ (ਨੁਕਸਾਨ ਹੋ) ਰਿਹਾ ਹੈ?।੧।ਰਹਾਉ।(ਅਪਣੇ ਮਨ ਦੀ ਮੌਜ ਵਿਚ ਕੋਈ ਜੀਵ) ਕਿਤੇ ਅਨੰਦ ਵਿਚ ਫੁਲਦਾ (ਖਿੜ ਰਿਹਾ) ਹੈ ਤੇ ਕਿਤੇ ਵਿਸ਼ੇ ਵਿਕਾਰਾਂ ਦੇ ਕਾਰਣ ਸੋਗ ਹੈ, ਕਦੇ ਹਸਣਾ ਤੇ ਕਦੇ ਰੋਣਾ ਹੋ ਰਿਹਾ ਹੈ।ਕਦੇ ਕੋਈ ਹੰਕਾਰੀ (ਜੀਵ ਹੰਕਾਰ ਦੀ) ਮੈਲ ਨਾਲ ਭਰੇ ਹੋਏ ਹਨ, ਕਦੇ ਸਾਧ ਸੰਗਤ ਵਿਚ (ਹਉਮੈ ਦੀ ਮੈਲ ਨੂੰ) ਧੋਈਦਾ ਹੈ।੧।ਪ੍ਰਭੂ ਦਾ ਕੀਤਾ (ਹੁਕਮ) ਕੋਈ ਨਹੀਂ ਮੇਟ ਸਕਦਾ, (ਕਿਉਂਕਿ ਉਸ ਦੇ ਬਰਾਬਰ ਦਾ ਕੋਈ) ਦੂਜਾ ਨਹੀਂ ਦੇਖੀਦਾ।ਨਾਨਕ ਗੁਰੂ ਜੀ ਆਖਦੇ ਹਨ ਕਿ ਮੈਂ ਉਸ ਗੁਰੂ ਤੋਂ ਸਦਕੇ ਜਾਂਦਾ ਹਾਂ, ਜਿਸ ਦੀ ਕ੍ਰਿਪਾ ਕਰਕੇ ਸੁਖ ਨਾਲ ਸੋਈਦਾ (ਆਤਮਕ ਅਨੰਦ ਵਿਚ ਟਿਕੇ ਰਹੀਦਾ) ਹੈ।੨।੨।

ਪਦਾਰਥ = ਮਾਈ–ਹੇ ਮਾਈ!।ਹੋਨਹਾਰ–(ਭਵਿਖ ਵਿਚ) ਹੋਣ ਵਾਲੀ ਗੱਲ।ਸੋ–ਉਹ।ਹੋਈਐ–ਹੋ ਕੇ ਰਹਿੰਦੀ ਹੈ।ਰਾਚਿ ਰਹਿਓ–ਮਿਲ ਰਿਹਾ ਹੈ।ਰਚਨਾ–(ਜਗਤ) ਰਚਨਾ ਵਿਚ।ਕਹਾ–ਕਿਤੇ; ਕਿਸ ਦਾ।ਖੋਈਐ–ਗੁਆਚ (ਨੁਕਸਾਨ ਹੋ) ਰਿਹਾ ਹੈ।੧।ਰਹਾਉ। ਕਹ–ਕਿਤੇ।ਫੂਲਹਿ–ਫੁਲ (ਖੁਸ਼ ਹੋ) ਰਿਹਾ ਹੈ।ਬਿਖੈ–ਵਿਸ਼ੇ ਵਿਕਾਰ।ਕਬ–ਕਦੇ।ਹਸਨੋ–ਹਸਣਾ।ਰੋਈਐ–ਰੋਈਦਾ ਹੈ।ਕਬਹੂ–ਕਦੇ।ਧੋਈਐ–ਧੋਈਦਾ ਹੈ।੧।ਕੀਆ–ਕੀਤਾ।ਅਲੋਈਐ–ਦੇਖੀਦਾ।ਸੁਖਿ ਸੋਈਐ–ਸੁਖ ਨਾਲ ਸੋਈਦਾ ਹੈ।੨।੨।

ਅੰਗ ੫੨੯ = ਦੇਵਗੰਧਾਰੀ ॥ ਮਾਈ ਸੁਨਤ ਸੋਚ ਭੈ ਡਰਤ ॥ ਮੇਰ ਤੇਰ ਤਜਉ ਅਭਿਮਾਨਾ, ਸਰਨਿ ਸੁਆਮੀ ਕੀ ਪਰਤ ॥੧॥ ਰਹਾਉ॥ ਜੋ ਜੋ ਕਹੈ ਸੋਈ ਭਲ ਮਾਨਉ ,ਨਾਹਿਨ ਕਾ ਬੋਲ ਕਰਤ ॥ ਨਿਮਖ ਨ ਬਿਸਰਉ ਹੀਏ ਮੋਰੇ ਤੇ, ਬਿਸਰਤ ਜਾਈ ਹਉ ਮਰਤ ॥੧॥ ਸੁਖਦਾਈ ਪੂਰਨ ਪ੍ਰਭੁ ਕਰਤਾ, ਮੇਰੀ ਬਹੁਤੁ ਇਆਨਪ ਜਰਤ ॥ ਨਿਰਗੁਨਿ ਕਰੂਪਿ ਕੁਲਹੀਣ ਨਾਨਕ ਹਉ ,ਅਨਦ ਰੂਪ ਸੁਆਮੀ ਭਰਤ ॥੨॥੩॥ (ਹੁਕਮ ਮੰਨਣ ਵਾਲਾ ਉਚੀ ਆਤਮਕ ਅਵਸਥਾ ਦਾ ਮਾਲਕ ਇਕ ਗੁਰਮੁਖ, ਪਤੀਬ੍ਰਤਾ ਇਸਤ੍ਰੀ ਦੇ ਰੂਪ ਵਿਚ ਨਿਮ੍ਰਤਾ ਭਰੇ ਭਾਵਾਂ ਨਾਲ ਅਪਣੇ ਮਾਲਕ ਪ੍ਰਭੂ ਦੀ ਬਖਸ਼ਿਸ਼ ਦਾ ਵਰਨਣ ਕਰਦਾ ਹੈ।ਜਮ ਪੁਰੀ ਦੇ ਦੁਖ) ਸੁਣਦਿਆਂ (ਮੈਨੂੰ) ਚਿੰਤਾ ਹੁੰਦੀ ਹੈ ਤੇ ਭੈ ਨਾਲ (ਮਨ) ਡਰਦਾ ਹੈ।(ਇਨ੍ਹਾਂ ਸੋਚਾਂ ਤੇ ਪ੍ਰਲੋਕ ਦੇ ਡਰ ਤੋਂ ਬਚਣ ਲਈ) ਮੈਂ ਮੇਰ ਤੇਰ ਤੇ ਅਭਿਮਾਨ ਛਡਦੀ ਹਾਂ ਅਤੇ ਸੁਆਮੀ ਦੀ ਸਰਣ ਵਿਚ ਪੈਂਦੀ ਹਾਂ।੧।ਰਹਾਉ।(ਸ਼ਰਨੀਂ ਪੈ ਕੇ) ਜੋ ਜੋ (ਕੁਛ ਮਾਲਕ) ਕਹਿੰਦਾ ਹੈ, ਉਹ ਮੈਂ ਅਪਣਾ ਭਲਾ ਜਾਣ ਕੇ ਮੰਨਦੀ ਹਾਂ, (ਹਰੀ ਦੇ ਹੁਕਮ ਤੋਂ ਉਲਟ) ਨਾਂਹ ਦਾ ਬੋਲ ਨਹੀਂ ਕਰਦੀ।(ਮੇਰੀ ਅਰਦਾਸ ਹੈ ਕਿ ਪ੍ਰਭੂ) ਮੇਰੇ ਹਿਰਦੇ ਤੋਂ ਇਕ ਨਿਮਖ ਮਾਤ੍ਰ ਵੀ ਨਾ ਭੁੱਲੇ, (ਉਸ ਦੇ) ਭੁੱਲ ਜਾਣ ਨਾਲ ਮੈਂ ਮਰਦੀ ਜਾਂਦੀ ਹਾਂ।੧।ਉਹ ਰਚਨਹਾਰ ਪੂਰਨ ਪ੍ਰਭੂ ਸੁਖ ਦੇਣ ਵਾਲਾ ਹੈ ਅਤੇ ਮੇਰੀ ਵੱਡੀ ਮੂਰਖਤਾ ਨੂੰ ਸਹਾਰਦਾ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ ਮੈਂ ਗੁਣਾਂ ਤੋਂ ਹੀਣ, ਰੂਪ ਹੀਣ ਤੇ ਕੁਲ ਹੀਣ ਹਾਂ, (ਪਰ ਮੇਰਾ) ਮਾਲਕ ਪ੍ਰਭੂ ਅਨੰਦ ਰੂਪ ਹੈ (ਸਦਾ ਖੁਸ਼ ਰਹਿੰਦਾ ਹੈ); ਅਨੰਦ ਰੂਪ ਪ੍ਰਭੂ ਮੇਰੀ ਪਾਲਣਾ ਕਰਦਾ ਹੈ।੨।੩।

ਪਦਾਰਥ =ਮਾਈ–ਹੇ ਮਾਈ!।ਸੁਨਤ–ਸੁਣਦਿਆਂ।ਸੋਚ–ਚਿੰਤਾ।ਤਜਉ–ਮੈਂ ਛਡਦੀ ਹਾਂ।ਪਰਤ–ਪੈਂਦੀ ਹਾਂ।੧।ਰਹਾਉ।ਸੋਈ–ਉਹ।ਭਲ–ਭਲਾ।ਮਾਨਉ–ਮੰਨਦੀ ਹਾਂ।ਨਾਹਿਨ ਕਾ ਬੋਲ–ਨਹੀਂ ਦਾ ਬਚਨ।ਕਾਬੋਲ–ਕੁਬੋਲ; ਉਲਟਾ ਬਚਨ (ਗਿ. ਬਿਸ਼ਨ ਸਿੰਘ; ਪੰ. ਨਰੈਣ ਸਿੰਘ; ਦਰਪਣ ਤੇ ਪਾਠ ਬੋਧ ਗ੍ਰੰਥਾਵਲੀ)।ਨਿਮਖ–ਅੱਖ ਝਮਕਣ ਜਿੰਨਾ ਸਮਾਂ।ਨ ਬਿਸਰਉ–ਨਾ ਭੁੱਲੇ।ਹੀਏ ਤੇ–ਹਿਰਦੇ ਤੋਂ।ਹਉ–ਮੈਂ।ਜਾਈ ਮਰਤ–ਮਰਦੀ ਜਾਂਦੀ ਹਾਂ।੧।ਸੁਖਦਾਈ–ਸੁਖ ਦੇਣ ਵਾਲਾ।ਪੂਰਨ–ਸਰਬ ਵਿਆਪਕ।ਪ੍ਰਭੁ ਕਰਤਾ–ਰਚਨਹਾਰ ਪ੍ਰਭੂ।ਜਰਤ–ਸਹਾਰਦਾ ਹੈ।ਇਆਨਪ–ਮੂਰਖਤਾ; ਨਿਆਣਪੁਣਾ।ਨਿਰਗੁਨਿ–ਸ਼ੁੱਭ ਗੁਣਾਂ ਤੋਂ ਰਹਿਤ।ਕਰੂਪਿ–ਭੈੜੇ ਰੂਪ ਵਾਲੀ।ਕੁਲ ਹੀਣ–ਉਚੀ ਕੁਲ ਤੋਂ ਰਹਿਤ।ਭਰਤ–ਭਰਤਾ (ਪਤੀ); ਭਰਦਾ (ਪਾਲਣਾ ਕਰਦਾ) ਹੈ।੨।੩।

ਦੇਵਗੰਧਾਰੀ ॥ ਮਨ ਹਰਿ ਕੀਰਤਿ ਕਰਿ ਸਦਹੂੰ ॥ ਗਾਵਤ ਸੁਨਤ ਜਪਤ ਉਧਾਰੈ, ਬਰਨ ਅਬਰਨਾ ਸਭਹੂੰ ॥੧॥ਰਹਾਉ॥ ਜਹ ਤੇ ਉਪਜਿਓ ਤਹੀ ਸਮਾਇਓ, ਇਹ ਬਿਧਿ ਜਾਨੀ ਤਬਹੂੰ ॥ ਜਹਾ ਜਹਾ ਇਹ ਦੇਹੀ ਧਾਰੀ, ਰਹਨੁ ਨ ਪਾਇਓ ਕਬਹੂੰ ॥੧॥ ਸੁਖੁ ਆਇਓ ਭੈ ਭਰਮ ਬਿਨਾਸੇ, ਕ੍ਰਿਪਾਲ ਹੂਏ ਪ੍ਰਭ ਜਬਹੂੰ ॥ ਕਹੁ ਨਾਨਕ ਮੇਰੇ ਪੂਰੇ ਮਨੋਰਥ, ਸਾਧ ਸੰਗਿ ਤਜਿ ਲਬਹੂੰ ॥੨॥੪॥ ਹੇ (ਮੇਰੇ) ਮਨ! ਤੂੰ ਸਦਾ ਹਰੀ ਦਾ ਕੀਰਤਨ ਕਰਿਆ ਕਰ।(ਜੋ ਮਨੁੱਖ ਹਰੀ ਦਾ ਜਸ) ਗਾਉਂਦਾ ਹੈ ਤੇ ਸੁਣਦਾ ਹੈ ਅਤੇ ਨਾਮ ਜਪਦਾ ਹੈ (ਪ੍ਰਭੂ ਉਨ੍ਹਾਂ) ਸਭਨਾਂ ਨੂੰ ਮੁਕਤ ਕਰ ਦੇਂਦਾ ਹੈ, (ਚਾਹੇ ਉਹ ਪ੍ਰਾਣੀ) ਉਚੀ ਜਾਤ ਵਾਲਾ ਹੋਵੇ ਤੇ (ਚਾਹੇ) ਨੀਚ ਜਾਤ ਵਾਲਾ ਹੋਵੇ।੧।ਰਹਾਉ।(ਹਰੀ ਦਾ ਜਸ ਕਰਨ ਨਾਲ) ਤਦੋਂ ਹੀ ਇਹ ਵਿਧੀ ਜਾਣੀ ਗਈ ਕਿ ਜਿਸ ਪ੍ਰਭੂ ਤੋਂ (ਜੀਵ) ਪੈਦਾ ਹੁੰਦਾ ਹੈ, (ਕੀਰਤਨ ਦੀ ਬਰਕਤ ਨਾਲ) ਉਸੇ ਵਿਚ ਮਿਲ ਜਾਂਦਾ ਹੈ।ਜਿਥੇ ਜਿਥੇ (ਜੀਵ ਨੇ) ਇਹ ਦੇਹ ਧਾਰਨ ਕੀਤੀ ਹੈ, (ਉਸ ਦੇਹ ਵਿਚ ਜੀਵ ਨੂੰ ਸਦਾ ਲਈ) ਰਹਿਣਾ ਕਦੇ ਪ੍ਰਾਪਤ ਨਹੀਂ ਹੋਇਆ (ਜੰਮਦਾ ਮਰਦਾ ਰਿਹਾ ਹੈ।੧।ਜਸ ਕਰਦਿਆਂ) ਜਦੋਂ ਹੀ ਪ੍ਰਭੂ ਜੀ ਦਿਆਲ ਹੋਏ, ਤਾਂ

ਆਤਮਕ ਸੁਖ ਆ ਪ੍ਰਾਪਤ ਹੋਇਆ, ਭੈ ਤੇ ਭਰਮ ਨਾਸ਼ ਹੋ ਗਏ। ਨਾਨਕ ਗੁਰੂ ਜੀ ਆਖਦੇ ਹਨ (ਕਿ ਜਦ ਮੈਂ) ਸਾਧ ਸੰਗਤ ਦੁਆਰਾ ਲੋਭ ਛਡ ਕੇ (ਹਰੀ ਜਸ ਗਾਉਣ ਲਗ ਪਿਆ, ਤਾਂ) ਮੇਰੇ ਮਨੋਰਥ ਪੂਰੇ ਹੋ ਗਏ ਹਨ।੨।੪।

ਪਦਾਰਥ = ਮਨ–ਹੇ ਮਨ!।ਕੀਰਤਿ–ਕੀਰਤਨ; ਸਿਫਤ ਸਲਾਹ।ਸਦਹੂੰ–ਸਦਾ ਹੀ।ਉਧਾਰੈ–ਮੁਕਰ ਕਰ ਦੇਂਦਾ ਹੈ।ਬਰਨ–(ਉਚੀ) ਜਾਤ ਵਾਲਾ।ਅਬਰਨਾ–ਨੀਵੀਂ ਜਾਤ ਵਾਲਾ।ਸਭਹੂੰ–ਸਭ ਨੂੰ।੧।ਰਹਾਉ।ਜਹ ਤੇ–ਜਿਸ ਤੋਂ।ਉਪਜਿਓ–ਪੈਦਾ ਹੁੰਦਾ ਹੈ।ਤਹੀ–ਉਸੇ ਵਿਚ।ਸਮਾਇਓ–ਮਿਲ ਜਾਂਦਾ ਹੈ।ਬਿਧਿ–ਤਰੀਕਾ।ਤਬਹੂੰ–ਤਦੋਂ ਹੀ।ਜਹਾ ਜਹਾ–ਜਿਥੇ ਜਿਥੇ।ਦੇਹੀ–ਸਰੀਰ।ਧਾਰੀ–ਧਾਰਨ ਕੀਤੀ।ਕਬਹੂੰ–ਕਦੇ ਵੀ।੧।ਬਿਨਾਸੇ–ਨਾਸ਼ ਹੋ ਗਏ।ਜਬਹੂੰ–ਜਦੋਂ ਹੀ।ਤਜਿ–ਛਡ ਦਿਤਾ।ਲਬਹੂੰ–ਲੋਭ।੨।੪।

ਦੇਵਗੰਧਾਰੀ ॥ ਮਨ ਜਿਉ ਅਪੁਨੇ ਪ੍ਰਭ ਭਾਵਉ ॥ ਨੀਚਹੁ ਨੀਚੁ ਨੀਚੁ ਅਤਿ ਨਾਨ੍ਾ ,ਹੋਇ ਗਰੀਬੁ ਬੁਲਾਵਉ ॥੧॥ਰਹਾਉ॥ ਅਨਿਕ ਅਡੰਬਰ ਮਾਇਆ ਕੇ ਬਿਰਥੇ, ਤਾ ਸਿਉ ਪ੍ਰੀਤਿ ਘਟਾਵਉ ॥ ਜਿਉ ਅਪੁਨੋ ਸੁਆਮੀ ਸੁਖੁ ਮਾਨੈ, ਤਾ ਮਹਿ ਸੋਭਾ ਪਾਵਉ ॥੧॥ ਦਾਸਨ ਦਾਸ ਰੇਣੁ ਦਾਸਨ ਕੀ, ਜਨ ਕੀ ਟਹਲ ਕਮਾਵਉ ॥ ਸਰਬ ਸੂਖ ਬਡਿਆਈ ਨਾਨਕ, ਜੀਵਉ ਮੁਖਹੁ ਬੁਲਾਵਉ ॥੨॥੫॥ ਹੇ ਮਨ! (ਤੂੰ ਉਹ ਕੰਮ ਕਰ) ਜਿਸ ਤਰ੍ਹਾਂ (ਦੇ ਕੰਮ ਕਰਨ ਨਾਲ) ਅਪਣੇ ਪ੍ਰਭੂ ਨੂੰ ਭਾ ਜਾਵੇਂ। ਨੀਵਿਆਂ ਤੋਂ ਨੀਵਾਂ, (ਉਨ੍ਹਾਂ ਤੋਂ ਵੀ) ਨੀਵਾਂ, ਬਹੁਤ ਛੋਟਾ ਅਤੇ ਗਰੀਬ ਹੋ ਕੇ (ਬਹੁਤ ਸਤਿਕਾਰ ਨਾਲ ਤੂੰ ਪ੍ਰਭੂ ਨੂੰ) ਬੁਲਾ (ਪੁਕਾਰ ਕਰ)।੧।ਰਹਾਉ। ਮਾਇਆ ਦੇ ਅਨੇਕਾਂ ਠਾਠ ਬਾਠ ਬਿਰਥੇ ਹਨ, ਤੂੰ ਉਨ੍ਹਾਂ (ਅਡੰਬਰਾਂ) ਨਾਲੋਂ ਪ੍ਰੀਤ ਘਟਾ ਦੇਹ। ਜਿਸ ਤਰ੍ਹਾਂ (ਦੇ ਕੰਮਾਂ ਤੋਂ) ਅਪਣਾ ਮਾਲਕ ਸੁਖ ਮੰਨੇ (ਪ੍ਰਸੰਨ ਹੋਵੇ, ਤੂੰ) ਉਸੇ ਵਿਚ ਸੋਭਾ ਪ੍ਰਾਪਤ ਕਰ।੧।(ਹੇ ਮਨ! ਪ੍ਰਭੂ ਦੇ) ਦਾਸਾਂ ਦੇ ਦਾਸਾਂ ਜੋ ਦਾਸ ਹਨ (ਤੂੰ ਉਨ੍ਹਾਂ ਦੇ) ਚਰਨਾਂ ਦੀ ਧੂੜ ਬਣ ਕੇ ਦਾਸਾਂ ਦੀ ਸੇਵਾ ਕਰ। ਨਾਨਕ ਗੁਰੂ ਜੀ ਉਪਦੇਸ਼ ਦੇਂਦੇ ਹਨ (ਕਿ ਹੇ ਮੇਰੇ ਮਨ!) ਸਾਰੇ ਸੁਖ ਤੇ ਵਡਿਆਈਆਂ ਇਸੇ ਵਿਚ ਹਨ ਕਿ ਮੂਹੋਂ (ਪ੍ਰਭੂ ਦਾ ਜਸ) ਉਚਾਰਨ ਕਰ, (ਇਉਂ ਜਸ ਕਰਕੇ ਸਦਾ ਲਈ) ਜਿਉਂਦਾ ਰਹੁ।੨।੫।

ਪਦਾਰਥ = ਭਾਵਉ–ਚੰਗਾ ਲੱਗੇ।ਨੀਚਹੁ ਨੀਚੁ–ਨੀਵਿਆਂ ਤੋਂ ਨੀਵਾਂ।ਅਤਿ–ਬਹੁਤ।ਨਾਨ੍ਾ–ਨੰਨ੍ਹਾ (ਛੋਟਾ)।ਹੋਇ–ਹੋ ਕੇ।ਬੁਲਾਵਉ–ਬੁਲਾਵੋਂ; ਉਚਾਰਨ ਕਰ।੧।ਅਨਿਕ–ਅਨੇਕਾਂ।ਅਡੰਬਰ–ਠਾਠ ਬਾਠ; ਸਜ ਧਜ; ਪਸਾਰੇ।ਬਿਰਥੇ–ਬਿਅਰਥ।ਤਾ ਸਿਉ–ਉਨ੍ਹਾਂ ਨਾਲ। ਘਟਾਵਉ–ਘਟਾ ਦੇਹ।ਤਾ ਮਹਿ–ਉਸੇ ਵਿਚ।ਸੋਭਾ–ਵਡਿਆਈ।ਪਾਵਉ–ਪ੍ਰਾਪਤ ਕਰ।੧।ਰੇਣੁ–ਚਰਨ ਧੂੜ।ਟਹਲ ਕਮਾਵਉ–ਸੇਵਾ ਕਰ।ਸਰਬ–ਸਾਰੇ।ਜੀਵਉ–ਜਿਉਂਦਾ ਰਹੁ।ਮੁਖਹੁ–ਮੂੰਹੋਂ।੨।੫।

ਦੇਵਗੰਧਾਰੀ ॥ ਪ੍ਰਭ ਜੀ ਤਉ ਪ੍ਰਸਾਦਿ ਭ੍ਰਮੁ ਡਾਰਿਓ ॥ ਤੁਮਰੀ ਕ੍ਰਿਪਾ ਤੇ ਸਭੁ ਕੋ ਅਪਨਾ, ਮਨ ਮਹਿ ਇਹੈ ਬੀਚਾਰਿਓ ॥੧॥ਰਹਾਉ॥ ਕੋਟਿ ਪਰਾਧ ਮਿਟੈ ਤੇਰੀ ਸੇਵਾ, ਦਰਸਨਿ ਦੂਖੁ ਉਤਾਰਿਓ ॥ ਨਾਮੁ ਜਪਤ ਮਹਾ ਸੁਖੁ ਪਾਇਓ, ਚਿੰਤਾ ਰੋਗੁ ਬਿਦਾਰਿਓ ॥੧॥ ਕਾਮੁ ਕ੍ਰੋਧੁ ਲੋਭੁ ਝੂਠੁ ਨਿੰਦਾ, ਸਾਧੂ ਸੰਗਿ ਬਿਸਾਰਿਓ ॥ ਮਾਇਆ ਬੰਧ ਕਾਟੇ ਕਿਰਪਾ ਨਿਧਿ, ਨਾਨਕ ਆਪਿ ਉਧਾਰਿਓ ॥੨॥੬॥ ਹੇ ਪ੍ਰਭੂ ਜੀ! ਤੇਰੀ ਕਿਰਪਾ ਨਾਲ ਮੈਂ (ਸਭ ਤਰ੍ਹਾਂ ਦਾ) ਭਰਮ ਛਡ ਦਿਤਾ ਹੈ। ਤੇਰੀ ਕ੍ਰਿਪਾ ਨਾਲ ਮੈਂ ਮਨ ਵਿਚ ਇਹ ਵਿਚਾਰਿਆ ਹੈ ਕਿ ਸਭ ਕੋਈ ਅਪਣਾ ਹੈ।੧।ਰਹਾਉ। ਤੇਰੀ ਸੇਵਾ ਕਰਨ ਨਾਲ (ਮੇਰੇ) ਕ੍ਰੋੜਾਂ ਪਾਪ ਮਿਟ ਗਏ ਹਨ ਤੇ ਤੇਰਾ ਦਰਸ਼ਨ ਕਰਕੇ (ਮੈਂ ਹਰ ਪ੍ਰਕਾਰ ਦਾ) ਦੁਖ ਲਾਹ ਦਿਤਾ ਹੈ।(ਹਰੀ ਦਾ) ਨਾਮ ਜਪਦਿਆਂ ਮੈਂ ਮਹਾਨ ਸੁਖ ਪ੍ਰਾਪਤ ਕੀਤਾ ਹੈ ਅਤੇ ਚਿੰਤਾ ਦਾ ਰੋਗ ਨਾਸ਼ ਕਰ ਦਿਤਾ ਹੈ।੧। ਸਾਧੂ ਦਾ ਸੰਗ ਕਰਕੇ ਕਾਮ ਕ੍ਰੋਧ ਲੋਭ ਝੂਠ ਤੇ ਨਿੰਦਿਆ (ਆਦਿ ਵਿਕਾਰ ਮੈਂ) ਭੁਲਾ ਦਿਤੇ ਹਨ। ਨਾਨਕ ਗੁਰੂ ਜੀ ਆਖਦੇ ਹਨ ਕਿ ਕਿਰਪਾ ਦੇ ਖਜਾਨੇ ਪ੍ਰਭੂ ਨੇ (ਮੇਰੇ) ਮਾਇਆ ਦੇ ਬੰਧਨ ਕੱਟ ਦਿਤੇ ਹਨ ਅਤੇ ਆਪ ਮੈਨੂੰ ਮੁਕਤ ਕਰ ਦਿਤਾ ਹੈ।੨।੬।

ਪਦਾਰਥ = ਤਉ ਪ੍ਰਸਾਦਿ–ਤੇਰੀ ਕ੍ਰਿਪਾ ਨਾਲ।ਡਾਰਿਓ–ਛਡ ਦਿਤਾ।ਤੇ–ਤੋਂ; ਨਾਲ।ਸਭੁ ਕੋ–ਸਭ ਕੋਈ (ਹਰੇਕ ਜੀਵ)।ਮਨ ਮਹਿ–ਮਨ ਵਿਚ।੧।ਰਹਾਉ।ਕੋਟਿ–ਕ੍ਰੋੜਾਂ।ਪਰਾਧ–ਅਪਰਾਧ; ਪਾਪ।ਉਤਾਰਿਓ–ਲਾਹ ਦਿਤਾ।ਬਿਦਾਰਿਓ–ਨਾਸ਼ ਕਰ ਦਿਤਾ।੧।ਬੰਧ–ਬੰਧਨ।ਬਿਸਾਰਿਓ–ਭੁਲਾ ਦਿਤਾ।ਕਿਰਪਾ ਨਿਧਿ–ਕ੍ਰਿਪਾ ਦੇ ਖਜਾਨੇ ਪ੍ਰਭੂ ਨੇ।ਉਧਾਰਿਓ–ਮੁਕਤ ਕਰ ਦਿਤਾ।੨।੬।

ਦੇਵਗੰਧਾਰੀ ॥ ਮਨ ਸਗਲ ਸਿਆਨਪ ਰਹੀ ॥ ਕਰਨ ਕਰਾਵਨਹਾਰ ਸੁਆਮੀ, ਨਾਨਕ ਓਟ ਗਹੀ ॥੧॥ਰਹਾਉ॥ ਆਪੁ ਮੇਟਿ ਪਏ ਸਰਣਾਈ, ਇਹ ਮਤਿ ਸਾਧੂ ਕਹੀ ॥ ਪ੍ਰਭ ਕੀ ਆਗਿਆ ਮਾਨਿ ਸੁਖੁ ਪਾਇਆ, ਭਰਮੁ ਅੰਧੇਰਾ ਲਹੀ ॥੧॥ ਜਾਨ ਪ੍ਰਬੀਨ ਸੁਆਮੀ ਪ੍ਰਭ ਮੇਰੇ, ਸਰਣਿ ਤੁਮਾਰੀ ਅਹੀ ॥ ਖਿਨ ਮਹਿ ਥਾਪਿ ਉਥਾਪਨਹਾਰੇ, ਕੁਦਰਤਿ ਕੀਮ ਨ ਪਹੀ ॥੨॥੭॥ ਨਾਨਕ ਗੁਰੂ ਜੀ ਆਖਦੇ ਹਨ (ਕਿ ਪ੍ਰਭੂ ਸਭ ਕੁਛ) ਕਰਨ ਵਾਲਾ ਹੈ ਤੇ (ਜੀਵਾਂ ਪਾਸੋਂ) ਕਰਾਉਣ ਵਾਲਾ ਹੈ, (ਮੈਂ ਉਸ) ਮਾਲਕ ਦੀ ਓਟ ਪਕੜੀ ਹੈ।(ਹੁਣ ਮੇਰੇ) ਮਨ ਦੀ ਸਾਰੀ ਚਤਰਾਈ ਮੁੱਕ ਗਈ ਹੈ।੧।ਰਹਾਉ। ਇਹ ਮੱਤ ਗੁਰੂ ਨੇ ਦੱਸੀ ਸੀ, (ਜਿਸ ਕਰਕੇ ਅਸੀਂ) ਆਪਾ ਭਾਵ ਮਿਟਾ ਕੇ (ਪ੍ਰਭੂ ਦੀ) ਸ਼ਰਣ ਵਿਚ ਆ ਪਏ ਹਾਂ।(ਅਸੀਂ ਪ੍ਰਭੂ ਦੀ) ਆਗਿਆ ਮੰਨ ਕੇ ਸੁਖ ਪਾਇਆ ਹੈ, (ਜਿਸ ਕਰਕੇ ਸਭ ਤਰ੍ਹਾਂ ਦਾ)

ਭਰਮ ਤੇ ਅਗਿਆਨਤਾ ਹਨ੍ਹੇਰਾ ਦੂਰ ਹੋ ਗਿਆ ਹੈ।੧।ਹੇ ਮੇਰੇ ਪ੍ਰਭੂ ਮਾਲਕ! (ਤੁਸੀਂ) ਗਿਆਨ ਭਰਪੂਰ ਹੋ, ਮੈਂ ਤੁਹਾਡੀ ਸਰਣ ਚਾਹੀ ਹੈ।ਇਕ ਖਿਨ ਵਿਚ ਬਣਾ ਕੇ ਨਾਸ਼ ਕਰਨ ਵਾਲੇ ਹੇ ਪ੍ਰਭੂ! ਤੇਰੀ ਕੁਦਰਤ ਦੀ ਕੀਮਤ ਨਹੀ ਪਾਈ ਜਾ ਸਕਦੀ।੨।੭।

ਪਦਾਰਥ = ਮਨ–ਹੇ ਮਨ!।ਸਗਲ–ਸਾਰੀ।ਸਿਆਨਪ–ਚਤਰਾਈ।ਰਹੀ–ਮੁੱਕ ਗਈ।ਕਰਨ–ਸਭ ਕੁਛ ਕਰਨ ਵਾਲਾ।ਕਰਾਵਨਹਾਰ –ਜੀਵਾਂ ਪਾਸੋਂ ਕਰਾਉਣ ਵਾਲਾ।ਗਹੀ–ਪਕੜੀ ਹੈ।੧।ਰਹਾਉ।ਆਪੁ–ਆਪਾ ਭਾਵ (ਹੰਕਾਰ)।ਮਤਿ–ਸਿਖਿਆ; ਅਕਲ।ਕਹੀ–ਦਸੀ ਹੈ।ਮਾਨਿ–ਮੰਨ ਕੇ।ਲਹੀ–ਦੂਰ ਹੋ ਗਿਆ।੧।ਜਾਨ ਪ੍ਰਬੀਨ–ਗਿਆਨ ਭਰਪੂਰ।ਅਹੀ–ਚਾਹੀ ਹੈ।ਥਾਪਿ–ਬਣਾ ਕੇ।ਉਥਾਪਨ ਹਾਰੇ–ਹੇ ਨਾਸ਼ ਕਰਨ ਵਾਲੇ ਪ੍ਰਭੂ!।ਕੁਦਰਤਿ–ਸ਼ਕਤੀ ਦੀ।ਕੀਮ–ਕੀਮਤ।ਨ ਪਹੀ–ਨਹੀਂ ਪੈਂਦੀ।੨।੭।

ਦੇਵਗੰਧਾਰੀ ਮਹਲਾ ੫ ॥ ਹਰਿ ਪ੍ਰਾਨ ਪ੍ਰਭੂ ਸੁਖ ਦਾਤੇ ॥ ਗੁਰ ਪ੍ਰਸਾਦਿ ਕਾਹੂ ਜਾਤੇ ॥੧॥ਰਹਾਉ॥ ਸੰਤ ਤੁਮਾਰੇ ਤੁਮਰੇ ਪ੍ਰੀਤਮ, ਤਿਨ ਕਉ ਕਾਲ ਨ ਖਾਤੇ ॥ ਰੰਗਿ ਤੁਮਾਰੈ ਲਾਲ ਭਏ ਹੈ, ਰਾਮ ਨਾਮ ਰਸਿ ਮਾਤੇ ॥੧॥ ਹੇ ਪ੍ਰਾਣਾਂ ਦੇ ਦਾਤੇ ਹਰੀ! ਹੇ ਸੁੱਖਾਂ ਦੇ ਦਾਤੇ ਪ੍ਰਭੂ !।ਕਿਸੇ (ਵਿਰਲੇ ਸੰਤ) ਨੇ ਗੁਰੂ ਦੀ ਕ੍ਰਿਪਾ ਨਾਲ (ਤੈਨੂੰ) ਜਾਣਿਆ ਹੈ।੧।ਰਹਾਉ।(ਹੇ ਪ੍ਰਭੂ! ਜਿਹੜੇ) ਤੇਰੇ ਸੰਤ ਹਨ, ਉਹ ਤੇਰੇ ਪਿਆਰੇ ਹਨ, ਉਨ੍ਹਾਂ ਨੂੰ ਕਾਲ ਨਹੀਂ ਖਾਂਦਾ (ਜਨਮ ਮਰਨ ਤੋਂ ਰਹਿਤ ਹਨ।ਉਨ੍ਹਾਂ ਦੇ ਮੁਖ) ਤੇਰੇ ਪ੍ਰੇਮ ਰੰਗ ਨਾਲ ਲਾਲ ਹੋਏ ਰਹਿੰਦੇ ਹਨ (ਨਾਮ ਦਾ ਪੱਕਾ ਰੰਗ ਚੜ੍ਹਿਆ ਰਹਿੰਦਾ ਹੈ) ਅਤੇ ਰਾਮ ਦੇ ਨਾਮ ਰਸ ਵਿਚ ਮਸਤ ਰਹਿੰਦੇ ਹਨ।੧।

ਅੰਗ ੫੩੦ = ਮਹਾ ਕਿਲਬਿਖ ਕੋਟਿ ਦੋਖ ਰੋਗਾ, ਪ੍ਰਭ ਦ੍ਰਿਸਟਿ ਤੁਹਾਰੀ ਹਾਤੇ ॥ ਸੋਵਤ ਜਾਗਿ ਹਰਿ ਹਰਿ ਹਰਿ ਗਾਇਆ, ਨਾਨਕ ਗੁਰ ਚਰਨ ਪਰਾਤੇ ॥੨॥੮॥ ਹੇ ਪ੍ਰਭੂ! (ਜੀਵਾਂ ਦੇ ਕੀਤੇ) ਬੜੇ ਭਾਰੀ ਪਾਪ, ਕ੍ਰੋੜਾਂ ਦੋਸ਼ ਅਤੇ (ਇਨ੍ਹਾਂ ਤੋਂ ਪੈਦਾ ਹੋਏ) ਰੋਗ ਤੇਰੀ ਮੇਹਰ ਦੀ ਨਜਰ ਨਾਲ ਨਾਸ਼ ਹੋ ਜਾਂਦੇ ਹਨ।ਨਾਨਕ ਗੁਰੂ ਜੀ ਆਖਦੇ ਹਨ ਕਿ (ਜਿਹੜੇ ਮਨੁੱਖ) ਗੁਰੂ ਦੀ ਚਰਨੀਂ ਆ ਪੈਂਦੇ ਹਨ, (ਉਨ੍ਹਾਂ ਨੇ) ਸੁੱਤੇ ਪਿਆਂ ਤੇ ਜਾਗ ਕੇ (ਵੀ ਮਨ ਤਨ ਤੇ ਬਾਣੀ ਕਰਕੇ) ਹਰੀ ਦਾ ਜਸ ਗਾਇਆ ਹੈ।੨।੮।

ਪਦਾਰਥ = ਸੁਖ ਦਾਤੇ–ਹੇ ਸੁਖ ਦੇਣ ਵਾਲੇ!।ਗੁਰ ਪ੍ਰਸਾਦਿ–ਗੁਰੂ ਦੀ ਕ੍ਰਿਪਾ ਨਾਲ।ਕਾਹੂ–ਕਿਸੇ ਨੇ।ਜਾਤੇ–ਜਾਣਿਆ ਹੈ।੧।ਰਹਾਉ।ਪ੍ਰੀਤਮ–ਪਿਆਰੇ।ਤਿਨ ਕਉ–ਉਨ੍ਹਾਂ ਨੂੰ।ਕਾਲ–ਮੌਤ।ਨ ਖਾਤੇ–ਨਹੀਂ ਖਾਂਦੀ।ਰੰਗਿ–ਪ੍ਰੇਮ ਰੰਗ ਨਾਲ।ਲਾਲ ਭਏ ਹੈ–ਲਾਲ ਹੋਏ ਹੋਏ ਹਨ।ਰਸਿ ਮਾਤੇ–ਰਸ ਵਿਚ ਮਸਤ ਹਨ।੧।ਮਹਾ ਕਿਲਬਿਖ–ਵੱਡੇ ਪਾਪ।ਕੋਟਿ–ਕ੍ਰੋੜਾਂ।ਦੋਖ–ਅਵਗੁਣ; ਕਲੰਕ।ਦ੍ਰਿਸਟਿ–ਨਜਰ ਨਾਲ।ਹਾਤੇ–ਨਾਸ਼ ਹੋ ਜਾਂਦੇ ਹਨ।ਸੋਵਤ–ਸੁੱਤਿਆਂ।ਪਰਾਤੇ–ਪੈਂਦੇ ਹਨ।੨।੮।

ਦੇਵਗੰਧਾਰੀ ੫ ॥ ਸੋ ਪ੍ਰਭੁ ਜਤ ਕਤ ਪੇਖਿਓ ਨੈਣੀ ॥ ਸੁਖਦਾਈ ਜੀਅਨ ਕੋ ਦਾਤਾ, ਅੰਮ੍ਰਿਤੁ ਜਾ ਕੀ ਬੈਣੀ ॥੧॥ਰਹਾਉ॥ ਅਗਿਆਨੁ ਅਧੇਰਾ ਸੰਤੀ ਕਾਟਿਆ, ਜੀਅ ਦਾਨੁ ਗੁਰ ਦੈਣੀ ॥ ਕਰਿ ਕਿਰਪਾ ਕਰਿ ਲੀਨੋ ਅਪੁਨਾ, ਜਲਤੇ ਸੀਤਲ ਹੋਣੀ ॥੧॥ ਕਰਮੁ ਧਰਮੁ ਕਿਛੁ ਉਪਜਿ ਨ ਆਇਓ, ਨਹ ਉਪਜੀ ਨਿਰਮਲ ਕਰਣੀ ॥ ਛਾਡਿ ਸਿਆਨਪ ਸੰਜਮ ਨਾਨਕ, ਲਾਗੋ ਗੁਰ ਕੀ ਚਰਣੀ ॥੨॥੯॥ (ਹੇ ਭਾਈ!) ਉਹ ਪ੍ਰਭੂ ਜਿਥੇ ਕਿਥੇ (ਸਭ ਜਗ੍ਹਾ ਵਿਆਪਕ) ਹੈ, (ਉਸ ਨੂੰ ਮੈਂ ਗਿਆਨ ਤੇ ਬਿਬੇਕ ਦੀਆਂ) ਅੱਖਾਂ ਨਾਲ ਦੇਖ ਲਿਆ ਹੈ।ਸੁਖ ਦੇਣ ਵਾਲਾ ਪ੍ਰਭੂ ਸਾਰੇ ਜੀਵਾਂ ਦਾ ਦਾਤਾ ਹੈ ਅਤੇ ਜਿਸ ਦੀ ਬਾਣੀ ਵਿਚ ਅੰਮ੍ਰਿਤ ਹੈ।੧।ਰਹਾਉ।ਸੰਤਾਂ ਨੇ (ਮੇਰੇ ਅੰਦਰੋਂ) ਅਗਿਆਨ ਰੂਪ ਹਨ੍ਹੇਰਾ ਕਟ ਦਿਤਾ ਹੈ ਅਤੇ (ਆਤਮਕ) ਜੀਵਨ ਦਾ ਦਾਨ ਗੁਰੂ ਹੀ ਦੇਣ ਵਾਲਾ ਹੈ।(ਗੁਰੂ ਨੇ) ਕ੍ਰਿਪਾ ਕਰਕੇ ਮੈਨੂੰ ਅਪਣਾ (ਦਾਸ) ਬਣਾ ਲਿਆ (ਜਿਸ ਕਰਕੇ ਤ੍ਰਿਸ਼ਨਾ ਦੀ ਅੱਗ ਵਿਚ) ਸੜਦਾ ਮਨ ਠੰਢਾ ਹੋ ਗਿਆ ਹੈ।੧।(ਮੈਥੋਂ ਸ਼ਾਸ਼ਤ੍ਰਾਂ ਦਾ ਦੱਸਿਆ) ਕੁਛ ਕਰਮ ਧਰਮ ਪੈਦਾ ਨਹੀਂ ਹੋ ਆਇਆ ਅਤੇ ਨਾ ਹੀ ਕੋਈ ਨਿਰਮਲ ਕਰਣੀ ਪੈਦਾ ਹੋਈ ਹੈ।ਨਾਨਕ ਗੁਰੂ ਜੀ ਆਖਦੇ ਹਨ (ਕਿ ਮੈਂ ਅਪਣੀ) ਚਤਰਾਈ ਤੇ ਪ੍ਰਹੇਜ ਆਦਿ ਛਡ ਕੇ ਗੁਰੂ ਦੀ ਚਰਨੀ ਲਗ ਗਿਆ ਹਾਂ।੨।੯।

ਪਦਾਰਥ = ਸੋ–ਉਹ।ਜਤ ਕਤ–ਜਿੱਥੇ ਕਿੱਥੇ (ਹਰੇਕ ਜਗ੍ਹਾ)।ਪੇਖਿਓ–ਦੇਖਿਆ।ਨੈਣੀ–ਅੱਖਾਂ ਨਾਲ।ਜੀਅਨ ਕੋ–ਜੀਵਾਂ ਨੂੰ।ਜਾ ਕੀ –ਜਿਸ ਦੀ।ਬੈਣੀ–ਬਾਣੀ ਵਿਚ।੧।ਰਹਾਉ।ਸੰਤੀ–ਸੰਤਾਂ ਨੇ।ਅਧੇਰਾ–ਹਨ੍ਹੇਰਾ।ਜੀਅ ਦਾਨੁ–ਆਤਮਕ ਜੀਵਨ ਦਾ ਦਾਨ।ਦੈਣੀ–ਦੇਣ ਵਾਲਾ (ਦਾਤਾ)।ਜਲਤੇ–ਸੜਦਾ ਹੋਇਆ।ਸੀਤਲ–ਠੰਢਾ।ਹੋਣੀ–ਹੋ ਗਿਆ।੧।ਕਰਮੁ ਧਰਮੁ–ਧਾਰਮਕ ਕਰਮ।ਨਿਰਮਲ–ਸੁੱਚਮਤਾ ।ਕਰਣੀ–ਕਰਮ।ਸਿਆਨਪ–ਚਤਰਾਈ।ਸੰਜਮ–ਪ੍ਰਹੇਜ; ਇੰਦ੍ਰੀਆਂ ਨੂੰ ਵਿਕਾਰਾਂ ਵੱਲੋਂ ਰੋਕ ਰੱਖਣਾ।੨।੯।

ਦੇਵਗੰਧਾਰੀ ੫ ॥ ਹਰਿ ਰਾਮ ਨਾਮੁ ਜਪਿ ਲਾਹਾ ॥ ਗਤਿ ਪਾਵਹਿ ਸੁਖ ਸਹਜ ਅਨੰਦਾ, ਕਾਟੇ ਜਮ ਕੇ ਫਾਹਾ ॥੧॥ਰਹਾਉ॥ ਖੋਜਤ ਖੋਜਤ ਖੋਜਿ ਬੀਚਾਰਿਓ, ਹਰਿ ਸੰਤ ਜਨਾ ਪਹਿ ਆਹਾ ॥ ਤਿਨ੍ਹਾ ਪਰਾਪਤਿ ਏਹੁ ਨਿਧਾਨਾ, ਜਿਨ੍ ਕੈ ਕਰਮਿ ਲਿਖਾਹਾ ॥੧॥ ਸੇ ਵਡਭਾਗੀ ਸੇ ਪਤਿਵੰਤੇ, ਸੇਈ ਪੂਰੇ ਸਾਹਾ ॥ ਸੁੰਦਰ ਸੁਘੜ ਸਰੂਪ ਤੇ ਨਾਨਕ, ਜਿਨ੍ ਹਰਿ ਹਰਿ ਨਾਮੁ ਵਿਸਾਹਾ ॥੨॥੧੯॥ (ਹੇ ਭਾਈ!) ਹਰੀ ਦਾ ਰਾਮ ਨਾਮ ਜਪ ਕੇ ਲਾਹਾ ਖੱਟ ਲੈ।(ਨਾਮ ਜਪਣ ਨਾਲ ਤੇਰੇ) ਜਮ ਦੇ ਫਾਹੇ ਕੱਟੇ ਜਾਣਗੇ, ਤੂੰ ਕੁਦਰਤੀ ਸੁਖ ਦਾ ਅਨੰਦ

ਤੇ ਮੁਕਤੀ ਪ੍ਰਾਪਤ ਕਰ ਲਵੇਂਗਾ।੧।ਰਹਾਉ।(ਹੇ ਭਾਈ! ਮੈਂ) ਖੋਜਦਿਆਂ ਖੋਜਦਿਆਂ ਖੋਜ ਕੇ ਵਿਚਾਰਿਆ ਹੈ ਕਿ ਹਰੀ ਦਾ ਨਾਮ ਸੰਤ ਜਨਾਂ ਦੇ ਪਾਸ ਹੈ (ਜਿਥੋਂ ਨਾਮ ਮਿਲਦਾ ਹੈ।ਪਰ ਨਾਮ ਦਾ) ਇਹ ਖਜਾਨਾ ਉਨ੍ਹਾਂ ਪੁਰਖਾਂ ਨੂੰ ਪ੍ਰਾਪਤ ਹੁੰਦਾ ਹੈ, ਜਿਨ੍ਹਾਂ ਦੇ ਕਰਮਾਂ ਵਿਚ ਲਿਖਿਆ ਹੁੰਦਾ ਹੈ।੧।ਹੇ ਨਾਨਕ! ਜਿਨ੍ਹਾਂ ਪੁਰਖਾਂ ਨੇ ਹਰਿ ਹਰਿ ਨਾਮ ਖ੍ਰੀਦਿਆ (ਮਨ ਦੇ ਕੇ ਗੁਰੂ ਤੋਂ ਲਿਆ) ਹੈ, ਉਹ ਪੁਰਖ ਵੱਡੇ ਭਾਗਾਂ ਵਾਲੇ ਹਨ, ਉਹ ਇੱਜਤ ਵਾਲੇ ਹਨ, ਉਹ ਹੀ ਪੂਰੇ ਸ਼ਾਹ, ਉਹ ਸੁੰਦਰ ਸਰੂਪ ਵਾਲੇ ਤੇ ਸਿਆਣੇ ਹਨ।੨।੧੦।

ਪਦਾਰਥ = ਜਪਿ–ਜਪ ਕੇ।ਲਾਹਾ–ਲਾਭ।ਗਤਿ–ਮੁਕਤੀ।ਸੁਖ ਸਹਜ–ਕੁਦਰਤੀ ਸੁਖ।੧।ਰਹਾਉ।ਖੋਜਿ–ਖੋਜ ਕੇ।ਪਹਿ–ਪਾਸ। ਆਹਾ–ਹੈ।ਨਿਧਾਨਾ–ਖਜਾਨਾ।ਕਰਮਿ–ਭਾਗਾਂ ਵਿਚ।ਲਿਖਾਹਾ–ਲਿਖਿਆ ਹੈ।੧।ਸੇ–ਉਹ।ਪਤਿਵੰਤੇ–ਇੱਜਤ ਵਾਲੇ।ਸੇਈ–ਉਹ ਹੀ ।ਸਾਹਾ–ਸ਼ਾਹੂਕਾਰ।ਸੁਘੜ–ਸਿਆਣੇ; ਚੰਗੇ ਜੀਵਨ ਵਾਲੇ।ਸਰੂਪ–ਸੋਹਣੇ ਰੂਪ ਵਾਲੇ।ਤੇ–ਉਹ।ਵਿਸਾਹਾ–ਖ੍ਰੀਦਿਆ।੨।੧੦।

ਦੇਵਗੰਧਾਰੀ ੫ ॥ ਮਨ ਕਹ ਅਹੰਕਾਰਿ ਅਫਾਰਾ ॥ ਦੁਰਗੰਧ ਅਪਵਿਤ੍ਰ ਅਪਾਵਨ ਭੀਤਰਿ, ਜੋ ਦੀਸੈ ਸੋ ਛਾਰਾ ॥੧॥ਰਹਾਉ॥ ਜਿਨਿ ਕੀਆ ਤਿਸੁ ਸਿਮਰਿ ਪਰਾਨੀ, ਜੀਉ ਪ੍ਰਾਨ ਜਿਨਿ ਧਾਰਾ ॥ ਤਿਸਹਿ ਤਿਆਗਿ ਅਵਰ ਲਪਟਾਵਹਿ, ਮਰਿ ਜਨਮਹਿ ਮੁਗਧ ਗਵਾਰਾ ॥੧॥ ਅੰਧ ਗੁੰਗ ਪਿੰਗੁਲ ਮਤਿ ਹੀਨਾ, ਪ੍ਰਭ ਰਾਖਹੁ ਰਾਖਨਹਾਰਾ ॥ ਕਰਨ ਕਰਾਵਨਹਾਰ ਸਮਰਥਾ, ਕਿਆ ਨਾਨਕ ਜੰਤ ਬਿਚਾਰਾ ॥੨॥੧੧॥ ਹੇ ਮਨ! ਤੂੰ ਹੰਕਾਰ ਵਿਚ ਕਿਉਂ ਆਫਰਿਆ ਫਿਰਦਾ ਹੈਂ।(ਹੇ ਮਨ! ਤੇਰੇ ਸਰੀਰ) ਅੰਦਰ ਬਦਬੋ, ਗੰਦਗੀ ਹੈ ਤੇ (ਬਾਹਰੋਂ ਵੀ ਸਰੀਰ) ਅਪਵਿਤ੍ਰ ਹੈ ਤੇ ਜੋ (ਸਰੀਰ) ਦਿਸ ਰਿਹਾ ਹੈ, ਉਹ ਸੁਆਹ ਹੋ ਜਾਣ ਵਾਲਾ ਹੈ (ਨਾਸ਼ਵੰਤ ਹੈ)।੧।ਰਹਾਉ।ਹੇ ਪ੍ਰਾਣੀ! ਜਿਸ ਹਰੀ ਨੇ (ਤੈਨੂੰ) ਪੈਦਾ ਕੀਤਾ ਹੈ ਅਤੇ ਜਿਸ ਨੇ ਜਿੰਦ ਤੇ ਪ੍ਰਾਣ (ਤੇਰੇ ਅੰਦਰ) ਟਿਕਾਏ ਹੋਏ ਹਨ, ਉਸ (ਹਰੀ) ਦਾ ਸਿਮਰਨ ਕਰ।ਹੇ ਮੂਰਖ! ਹੇ ਬੇਸਮਝ ਮਨੁੱਖ! ਉਸ (ਹਰੀ) ਨੂੰ ਛਡ ਕੇ ਤੂੰ ਹੋਰ (ਪਦਾਰਥਾਂ ਸਾਕ ਸਬੰਧੀਆਂ ਵਿਚ) ਫਸਿਆ ਹੋਇਆ ਹੈਂ, (ਇਉਂ ਤੂੰ) ਮਰਦਾ ਤੇ ਜੰਮਦਾ ਰਹੇਂਗਾ।੧।(ਮੈਂ ਗਿਆਨ ਰੂਪ ਅੱਖਾਂ ਤੋਂ ਰਹਿਤ ਹੋਣ ਕਰਕੇ) ਅੰਨ੍ਹਾ ਹਾਂ, (ਪ੍ਰੀਤ ਰੂਪ ਜੀਭ ਤੋਂ ਰਹਿਤ ਹੋਣ ਕਰਕੇ) ਗੂੰਗਾ ਹਾਂ, (ਸਾਧਨਾ ਰੂਪ ਪੈਰ ਨਾ ਹੋਣ ਕਰਕੇ) ਪਿੰਗਲਾ ਹਾਂ ਅਤੇ ਮੱਤ ਤੋਂ ਹੀਣਾ ਹਾਂ, ਹੇ ਰਖਿਆ ਕਰਨ ਵਾਲੇ ਪ੍ਰਭੂ! (ਤੂੰ ਮੇਰੀ) ਰੱਖਿਆ ਕਰ।ਨਾਨਕ ਗੁਰੂ ਜੀ ਆਖਦੇ ਹਨ (ਕਿ ਹੇ ਪ੍ਰਭੂ! ਤੂੰ ਸਭ ਕੁਛ) ਕਰਨ ਵਾਲਾ ਤੇ (ਜੀਵਾਂ ਪਾਸੋਂ ਸਭ ਕੁਛ) ਕਰਾਉਣ ਦੇ ਸਮਰੱਥ ਹੈਂ, (ਤੇਰੇ ਅੱਗੇ ਮੈਂ ਤੁੱਛ) ਜੀਵ ਵਿਚਾਰਾ ਕੀ ਕਰ ਸਕਦਾ ਹਾਂ?।੨।੧੧।

ਪਦਾਰਥ = ਮਨ–ਹੇ ਮਨ!।ਕਹ–ਕਿਉਂ।ਅਹੰਕਾਰਿ–ਹੰਕਾਰ ਵਿਚ।ਅਫਾਰਾ–ਆਫਰਿਆ (ਆਕੜਿਆ) ਹੈਂ।ਦੁਰਗੰਧ–ਬਦਬੋ। ਅਪਾਵਨ–ਅਸ਼ੁੱਧ (ਗੰਦਾ)।ਭੀਤਰਿ–(ਸਰੀਰ ਦੇ) ਅੰਦਰ।ਸੋ–ਉਹ।ਛਾਰਾ–ਸੁਆਹ (ਨਾਸ਼ਵੰਤ)।੧।ਰਹਾਉ।ਜਿਨਿ–ਜਿਸ (ਹਰੀ) ਨੇ।ਕੀਆ–ਪੈਦਾ ਕੀਤਾ।ਪਰਾਨੀ–ਹੇ ਪ੍ਰਾਣੀ!।ਜੀਉ–ਜਿੰਦ।ਧਾਰਾ–ਟਿਕਾਏ ਹੋਏ ਹਨ।ਤਿਸਹਿ–ਉਸ (ਹਰੀ) ਨੂੰ।ਤਿਆਗਿ–ਛਡ ਕੇ।ਅਵਰ–ਹੋਰ (ਪਦਾਰਥਾਂ ਵਿਚ)।ਲਪਟਾਵਹਿ–ਫਸਿਆ ਹੈਂ।ਮੁਗਧ–ਹੇ ਮੂਰਖ!।ਗਵਾਰਾ–ਹੇ ਬੇਸਮਝ!।੧।ਅੰਧ–ਅੰਨ੍ਹਾ।ਗੁੰਗ–ਗੂੰਗਾ।ਪਿੰਗੁਲ–ਲੂਲ੍ਹਾ।ਮਤਿ ਹੀਨਾ–ਅਕਲ ਤੋਂ ਖਾਲੀ।ਜੰਤ ਬਿਚਾਰਾ–ਬੇਵਸ ਜੀਵ।੨।੧੧।

ਦੇਵਗੰਧਾਰੀ ੫ ॥ ਸੋ ਪ੍ਰਭੁ ਨੇਰੈ ਹੂ ਤੇ ਨੇਰੈ ॥ ਸਿਮਰਿ ਧਿਆਇ ਗਾਇ ਗੁਨ ਗੋਬਿੰਦ, ਦਿਨੁ ਰੈਨਿ ਸਾਝ ਸਵੇਰੈ ॥੧॥ਰਹਾਉ॥ ਉਧਰੁ ਦੇਹ ਦੁਲਭ ਸਾਧੂ ਸੰਗਿ, ਹਰਿ ਹਰਿ ਨਾਮੁ ਜਪੇਰੈ ॥ ਘਰੀ ਨ ਮੁਹਤੁ ਨ ਚਸਾ ਬਿਲੰਬਹੁ ,ਕਾਲੁ ਨਿਤਹਿ ਨਿਤ ਹੇਰੈ ॥੧॥ ਅੰਧ ਬਿਲਾ ਤੇ ਕਾਢਹੁ ਕਰਤੇ, ਕਿਆ ਨਾਹੀ ਘਰਿ ਤੇਰੈ ॥ ਨਾਮੁ ਅਧਾਰੁ ਦੀਜੈ ਨਾਨਕ ਕਉ ,ਆਨਦ ਸੂਖ ਘਨੇਰੈ ॥੨॥੧੨॥ ਛਕੇ ੨ ॥ (ਹੇ ਭਾਈ!) ਉਹ ਪ੍ਰਭੂ ਨੇੜੇ ਤੋਂ ਵੀ ਨੇੜੇ ਹੈ।(ਤੂੰ) ਦਿਨ ਰਾਤ ਸੰਝ ਸਵੇਰੇ ਗੋਬਿੰਦ ਨੂੰ (ਤਨ ਕਰਕੇ) ਸਿਮਰ, (ਮਨ ਕਰਕੇ) ਧਿਆ ਅਤੇ ਉਸ ਦੇ ਗੁਣ ਗਾਇਨ ਕਰ।੧।ਰਹਾਉ।ਸਾਧ ਸੰਗਤ ਵਿਚ ਹਰਿ ਹਰਿ ਨਾਮ ਜਪਦਾ ਰਹੁ ,(ਇਉਂ ਅਪਣੀ) ਦੁਰਲੱਭ ਦੇਹ ਦਾ ਉਧਾਰ ਕਰ ਲੈ।ਘੜੀ, ਅੱਧੀ ਘੜੀ ਜਾਂ ਇਕ ਖਿਨ ਮਾਤ੍ਰ ਵੀ (ਨਾਮ ਜਪਣ ਵਿਚ) ਦੇਰ ਨਾ ਕਰ, (ਕਿਉਂਕਿ ਤੈਨੂੰ) ਕਾਲ ਨਿਤਾ ਪ੍ਰਤੀ ਦੇਖ ਰਿਹਾ ਹੈ।੧।(ਅਰਦਾਸ) ਹੇ ਕਰਤਾਰ! ਤੇਰੇ ਘਰ ਵਿਚ ਕੀ ਨਹੀਂ ਹੈ? (ਮੈਨੂੰ ਅਵਿਦਿਆ ਦੀ) ਹਨ੍ਹੇਰੀ ਖੁੱਡ ਵਿਚੋਂ ਕੱਢ ਲੈ।ਨਾਨਕ ਨੂੰ ਨਾਮ ਦਾ ਆਸਰਾ ਦੇਹ, (ਜਿਸ ਨਾਮ ਨੂੰ ਜਪਣ ਨਾਲ) ਬਹੁਤ ਸੁਖ ਤੇ ਅਨੰਦ ਮਿਲਦਾ ਹੈ।੨।੧੨।ਛਕੇ ੨।

ਪਦਾਰਥ = ਸੋ–ਉਹ।ਨੇਰੈ ਹੂ ਤੇ ਨੇਰੈ–ਨੇੜੇ ਤੋਂ ਵੀ ਨੇੜੇ।ਰੈਨਿ–ਰਾਤ।ਸਾਝ–ਸ਼ਾਮ।੧।ਰਹਾਉ।ਉਧਰੁ–ਮੁਕਤ ਕਰ ਲੈ।ਦੁਲਭ–ਮੁਸ਼ਕਲ ਲਭਣ ਵਾਲਾ।ਜਪੇਰੈ–ਜਪਦਾ ਰਹੁ।ਘਰੀ–ਘੜੀ।ਮੁਹਤੁ–ਅੱਧੀ ਘੜੀ।ਚਸਾ–ਖਿਨ ਮਾਤ੍ਰ ਸਮਾਂ।ਨ ਬਿਲੰਬਹੁ–ਦੇਰ ਨਾ ਕਰ।ਕਾਲੁ–ਮੌਤ।ਨਿਤਹਿ ਨਿਤ–ਹਰ ਰੋਜ।ਹੇਰੈ–(ਮਾਰਨ ਦੀ ਨੀਅਤ ਨਾਲ) ਦੇਖ ਰਿਹਾ ਹੈ।ਅੰਧ ਬਿਲਾ–ਅਵਿਦਿਆ ਦੀ ਖੱਡ; ਗਰਭ ਜੋਨ।ਤੇ–ਤੋਂ; ਵਿਚੋਂ।ਕਰਤੇ–ਹੇ ਕਰਤਾਰ!।ਅਧਾਰੁ–ਆਸਰਾ।ਨਾਨਕ ਕਉ–ਨਾਨਕ ਨੂੰ।ਘਨੇਰੈ–ਬਹੁਤ।੨।੧੨।

ਦੇਵਗੰਧਾਰੀ ੫ ॥ ਮਨ ਗੁਰ ਮਿਲਿ ਨਾਮੁ ਅਰਾਧਿਓ ॥ ਸੂਖ ਸਹਜ ਆਨੰਦ ਮੰਗਲ ਰਸ, ਜੀਵਨ ਕਾ ਮੂਲੁ ਬਾਧਿਓ ॥੧॥ਰਹਾਉ॥

ਕਰਿ ਕਿਰਪਾ ਅਪੁਨਾ ਦਾਸ ਕੀਨੋ, ਕਾਟੇ ਮਾਇਆ ਫਾਧਿਓ ॥ ਭਾਉ ਭਗਤਿ ਗਾਇ ਗੁਣ ਗੋਬਿਦ, ਜਮ ਕਾ ਮਾਰਗੁ ਸਾਧਿਓ ॥੧॥ ਭਇਓ ਅਨੁਗ੍ਰਹੁ ਮਿਟਿਓ ਮੋਰਚਾ, ਅਮੋਲ ਪਦਾਰਥੁ ਲਾਧਿਓ ॥ ਬਲਿਹਾਰੈ ਨਾਨਕ ਲਖ ਬੇਰਾ, ਮੇਰੇ ਠਾਕੁਰ ਅਗਮ ਅਗਾਧਿਓ ॥੨॥ ੧੩॥ (ਹੇ ਭਾਈ! ਮੇਰੇ) ਮਨ ਨੇ ਗੁਰੂ ਨੂੰ ਮਿਲ ਕੇ (ਹਰੀ ਦਾ) ਨਾਮ ਅਰਾਧਿਆ ਹੈ। ਕੁਦਰਤੀ ਸੁਖ ਦਾ ਅਨੰਦ, ਖੁਸ਼ੀ ਤੇ ਰਸ ਪ੍ਰਾਪਤ ਕਰਕੇ ਜੀਵਨ ਦਾ ਮੁੱਢ ਬੰਨ੍ਹ ਲਿਆ ਹੈ (ਜੀਵਨ ਮੁਕਤ ਹੋ ਗਿਆ ਹਾਂ)।੧।ਰਹਾਉ। ਕ੍ਰਿਪਾ ਕਰਕੇ (ਗੁਰੂ ਨੇ ਮੈਨੂੰ) ਅਪਣਾ ਦਾਸ ਬਣਾ ਲਿਆ ਅਤੇ (ਮੇਰੇ) ਮਾਇਆ ਦੇ ਫੰਦੇ ਕੱਟ ਦਿਤੇ ਹਨ। (ਹੁਣ ਮੈਂ) ਪ੍ਰੇਮਾ ਭਗਤੀ ਦੁਆਰਾ ਗੋਬਿੰਦ ਦੇ ਗੁਣ ਗਾ ਕੇ ਜਮ ਦਾ ਮਾਰਗ ਜਿੱਤ ਲਿਆ ਹੈ।੧। (ਜਦੋਂ ਗੁਰੂ ਦੀ) ਮੇਹਰ ਹੋਈ ਤਾਂ ਅਮੋਲਕ ਪਦਾਰਥ (ਗਿਆਨ; ਨਾਮ) ਲੱਭ ਪਿਆ, (ਜਿਸ ਦੀ ਬਰਕਤ ਨਾਲ ਭਰਮ ਦਾ) ਜੰਗਾਲ ਮਿਟ ਗਿਆ। ਹੇ ਮੇਰੇ ਮਨ ਬਾਣੀ ਦੀ ਪਹੁੰਚ ਤੋਂ ਪਰੇ ਅਤੇ ਅਥਾਹ ਪ੍ਰਭੂ! ਨਾਨਕ (ਤੇਰੇ ਤੋਂ) ਲੱਖਾਂ ਬਾਰੀ ਸਦਕੇ ਜਾਂਦਾ ਹੈ।੨।੧੩।

ਪਦਾਰਥ = ਅਰਾਧਿਓ–ਜਪਿਆ ਹੈ। ਸੁਖ ਸਹਜ–(ਮਨ ਨੂੰ ਟਿਕਾਉ ਵਿਚ ਰੱਖਣ ਵਾਲਾ) ਕੁਦਰਤੀ ਸੁਖ। ਮੰਗਲ–ਖੁਸ਼ੀ। ਮੂਲੁ ਬਾਧਿਓ –ਮੁੱਢ ਬੰਨ੍ਹ ਲਿਆ ਹੈ (ਜੀਵਨ ਮੁਕਤ ਹੋ ਗਿਆ ਹਾਂ)।੧।ਰਹਾਉ। ਕੀਨੋ–ਬਣਾ ਲਿਆ। ਫਾਧਿਓ–ਫੰਦੇ (ਫਾਹੇ)। ਭਾਉ ਭਗਤਿ– ਪ੍ਰੇਮਾ ਭਗਤੀ। ਸਾਧਿਓ–ਜਿੱਤ ਲਿਆ।੧। ਭਇਓ ਅਨੁਗ੍ਰਹੁ–ਮੇਹਰ ਹੋਈ। ਮੋਰਚਾ–(ਅਗਿਆਨ; ਭਰਮ; ਵਿਸ਼ੇ ਵਿਕਾਰਾਂ ਦਾ) ਜੰਗਾਲ। ਅਮੋਲ–ਅਮੋਲਕ। ਪਦਾਰਥੁ–ਗਿਆਨ ਜਾਂ ਨਾਮ ਪਦਾਰਥ। ਲਾਧਿਓ–ਲੱਭ ਪਿਆ। ਲਖ ਬੇਰਾ–ਲੱਖਾਂ ਬਾਰੀ। ਬਲਿਹਾਰੈ–ਸਦਕੇ ਜਾਂਦਾ ਹੈ। ਅਗਮ–ਮਨ ਬਾਣੀ ਦੀ ਪਹੁੰਚ ਤੋਂ ਪਰੇ। ਅਗਾਧਿਓ–ਅਥਾਹ; ਬੇਅੰਤ।੨।੧੩।

ਅੰਗ ੫੩੧ = ਦੇਵ ਗੰਧਾਰੀ ੫ ॥ ਮਾਈ ਜੋ ਪ੍ਰਭ ਕੇ ਗੁਨ ਗਾਵੈ ॥ ਸਫਲ ਆਇਆ ਜੀਵਨ ਫਲੁ ਤਾ ਕੋ, ਪਾਰਬ੍ਰਹਮ ਲਿਵ ਲਾਵੈ ॥੧॥ਰਹਾਉ॥ ਸੁੰਦਰੁ ਸੁਘੜੁ ਸੂਰੁ ਸੋ ਬੇਤਾ, ਜੋ ਸਾਧੂ ਸੰਗੁ ਪਾਵੈ ॥ ਨਾਮੁ ਉਚਾਰੁ ਕਰੇ ਹਰਿ ਰਸਨਾ, ਬਹੁੜਿ ਨ ਜੋਨੀ ਧਾਵੈ ॥੧॥ ਪੂਰਨ ਬ੍ਰਹਮੁ ਰਵਿਆ ਮਨ ਤਨ ਮਹਿ, ਆਨ ਨ ਦ੍ਰਿਸਟੀ ਆਵੈ ॥ ਨਰਕ ਰੋਗ ਨਹੀ ਹੋਵਤ ਜਨ ਸੰਗਿ, ਨਾਨਕ ਜਿਸੁ ਲੜਿ ਲਾਵੈ ॥੨॥੧੪॥ ਹੇ ਮਾਈ! ਜੋ ਮਨੁੱਖ ਪ੍ਰਭੂ ਦੇ ਗੁਣ ਗਾਉਂਦਾ ਹੈ। ਅਤੇ ਪਾਰਬ੍ਰਹਮ ਨਾਲ ਲਿਵ ਲਾਉਂਦਾ ਹੈ (ਉਸ ਦਾ ਸੰਸਾਰ ਵਿਚ) ਆਇਆ ਸਫਲ ਹੈ, ਉਸ ਨੂੰ ਹੀ ਜੀਵਨ ਦਾ ਫਲ (ਲਾਭ) ਮਿਲਦਾ ਹੈ।੧।ਰਹਾਉ। ਉਹ (ਮਨੁੱਖ) ਸੁੰਦਰ, ਸਿਆਣਾ, ਬਹਾਦਰ ਤੇ ਗਿਆਨਵਾਨ ਹੈ, ਜਿਹੜਾ ਸਾਧੂਆਂ ਦਾ ਸੰਗ ਪ੍ਰਾਪਤ ਕਰਦਾ ਹੈ। ਜੋ ਮਨੁੱਖ ਜੀਭ ਨਾਲ ਹਰੀ ਦਾ ਨਾਮ ਉਚਾਰਨ ਕਰਦਾ ਹੈ, (ਉਹ) ਮੁੜ ਕੇ ਜੋਨੀਆਂ ਵਿਚ ਨਹੀਂ ਭਟਕਦਾ ਫਿਰਦਾ।੧। (ਕਿਉਂਕਿ ਉਸ ਦੇ) ਮਨ ਤੇ ਤਨ ਵਿਚ ਪੂਰਨ ਬ੍ਰਹਮ ਰਮ ਰਿਹਾ ਹੁੰਦਾ ਹੈ ਅਤੇ (ਉਸ ਨੂੰ ਹਰੀ ਤੋਂ ਬਿਨਾ) ਹੋਰ ਕੋਈ ਨਜਰ ਨਹੀਂ ਆਉਂਦਾ। ਨਾਨਕ ਗੁਰੂ ਜੀ ਆਖਦੇ ਹਨ ਕਿ (ਅਜੇਹੇ) ਗੁਰਮੁਖ ਜਨ ਦੀ ਸੰਗਤ ਕਰਨ ਨਾਲ ਜਿਸ ਮਨੁੱਖ ਨੂੰ ਪ੍ਰਭੂ ਲੜ ਲਾ ਲੈਂਦਾ ਹੈ, (ਉਸ ਨੂੰ) ਨਾ ਰੋਗ ਹੁੰਦਾ ਹੈ ਤੇ (ਨਾ ਉਹ) ਨਰਕ ਵਿਚ ਪੈਂਦਾ ਹੈ।੨।੧੪।

ਪਦਾਰਥ = ਮਾਈ–ਹੇ ਮਾਈ!। ਤਾ ਕੋ–ਉਸ ਨੂੰ। ਲਿਵ ਲਾਵੈ–ਬਿਰਤੀ ਜੋੜਦਾ ਹੈ।੧।ਰਹਾਉ। ਸੁਘੜੁ–ਸਿਆਣਾ; ਸੁਚੱਜੇ ਜੀਵਨ ਵਾਲਾ। ਸੂਰੁ–ਸੂਰਮਾ। ਸੋ–ਉਹ। ਬੇਤਾ–ਗਿਆਨਵਾਨ। ਸੰਗੁ–ਸਾਥ। ਉਚਾਰੁ ਕਰੇ–ਉਚਾਰਨ ਕਰਦਾ ਹੈ। ਰਸਨਾ–ਜੀਭ ਨਾਲ। ਬਹੁੜਿ– ਮੁੜ ਕੇ। ਨ ਧਾਵੈ–ਭਟਕਦਾ ਨਹੀਂ।੧। ਪੂਰਨ ਬ੍ਰਹਮੁ–ਸਰਬ ਵਿਆਪਕ ਪ੍ਰਭੂ। ਰਵਿਆ–ਵਸਿਆ ਹੈ; ਮੌਜੂਦ ਹੈ। ਆਨ–ਕੋਈ ਹੋਰ। ਨਹੀ ਹੋਵਤ–ਨਹੀਂ ਹੁੰਦਾ। ਜਨ ਸੰਗਿ–ਗੁਰਮੁਖ ਜਨ ਦੀ ਸੰਗਤ ਵਿਚ।੨।੧੪।

ਦੇਵਗੰਧਾਰੀ ॥ ਚੰਚਲੁ ਸੁਪਨੈ ਹੀ ਉਰਝਾਇਓ ॥ ਇਤਨੀ ਨ ਬੂਝੈ ਕਬਹੂ ਚਲਨਾ, ਬਿਕਲ ਭਇਓ ਸੰਗਿ ਮਾਇਓ ॥੧॥ਰਹਾਉ॥ ਕੁਸਮ ਰੰਗ ਸੰਗ ਰਸਿ ਰਚਿਆ, ਬਿਖਿਆ ਏਕ ਉਪਾਇਓ ॥ ਲੋਭ ਸੁਨੈ ਮਨਿ ਸੁਖੁ ਕਰਿ ਮਾਨੈ, ਬੇਗਿ ਤਹਾ ਉਠਿ ਧਾਇਓ ॥੧॥ ਫਿਰਤ ਫਿਰਤ ਬਹੁਤੁ ਸ੍ਰਮੁ ਪਾਇਓ, ਸੰਤ ਦੁਆਰੈ ਆਇਓ ॥ ਕਰੀ ਕ੍ਰਿਪਾ ਪਾਰਬ੍ਰਹਮਿ ਸੁਆਮੀ, ਨਾਨਕ ਲੀਓ ਸਮਾਇਓ ॥੨॥ ੧੫॥ (ਹੇ ਭਾਈ! ਮਨੁੱਖ ਦਾ) ਚੰਚਲ ਮਨ ਸੁਪਨੇ (ਵਰਗੇ ਝੂਠੇ ਸੰਸਾਰ) ਵਿਚ ਫਸਿਆ ਪਿਆ ਹੈ। (ਇਹ) ਇਤਨੀ ਗੱਲ ਨਹੀਂ ਸਮਝਦਾ ਕਿ ਕਦੇ (ਇਸ ਸੰਸਾਰ ਤੋਂ) ਚਲੇ ਜਾਣਾ ਹੈ, ਮਾਇਆ ਨਾਲ ਵਿਆਕੁਲ ਹੋ ਰਿਹਾ ਹੈ।੧।ਰਹਾਉ। ਫੁੱਲਾਂ (ਵਰਗੀਆਂ ਛੇਤੀ ਮੁਰਝਾ ਜਾਣ ਵਾਲੀਆਂ ਨਾਸ਼ਵੰਤ ਚੀਜਾਂ ਦੇ) ਅਨੰਦ ਅਤੇ ਸਾਥ ਦੇ ਸੁਆਦ ਵਿਚ ਰਚਿਆ ਹੋਇਆ ਹੈ ਅਤੇ ਇਕ ਮਾਇਆ (ਕੱਠੀ ਕਰਨ ਦੇ) ਜਤਨ ਵਿਚ ਲੱਗਾ ਰਹਿੰਦਾ ਹੈ। (ਮਨੁੱਖ ਜਿਥੇ ਕੋਈ) ਲੋਭ ਵਾਲੀ ਗਲ ਸੁਣਦਾ ਹੈ, ਤਾਂ ਮਨ ਵਿਚ ਸੁਖ ਕਰਕੇ ਮੰਨਦਾ (ਖੁਸ਼ ਹੁੰਦਾ) ਹੈ, ਉਸ ਪਾਸੇ ਛੇਤੀ ਉਠ ਕੇ ਦੌੜਦਾ ਹੈ।੧। ਨਾਨਕ ਗੁਰੂ ਜੀ ਆਖਦੇ ਹਨ ਮੈ ਭਟਕਦੇ ਫਿਰਦਿਆਂ ਬਹੁਤ ਦੁਖ ਪਾਇਆ ਹੈ, (ਹੁਣ) ਸੰਤਾਂ ਦੇ ਦਰ ਤੇ ਆਇਆ ਹਾਂ। ਹਰੀ ਨੇ ਕ੍ਰਿਪਾ ਕੀਤੀ ਹੈ ਅਤੇ (ਅਪਣੇ ਵਿਚ) ਸਮਾ ਲਿਆ ਹੈ।੨।੧੫।

ਪਦਾਰਥ = ਚੰਚਲ–ਨਾ ਟਿਕਣ ਵਾਲਾ। ਸੁਪਨੈ–ਸੁਫਨੇ ਵਿਚ। ਉਰਝਾਇਓ–ਫਸਿਆ ਪਿਆ ਹੈ। ਨ ਬੂਝੈ–ਨਹੀਂ ਸਮਝਦਾ। ਕਬਹੂ–

ਕਦੇ।ਚਲਨਾ–ਚਲੇ ਜਾਣਾ ਹੈ।ਬਿਕਲ–ਵਿਆਕੁਲ।ਭਇਓ–ਹੋ ਰਿਹਾ ਹੈ।੧।ਰਹਾਉ।ਕੁਸਮ–ਫੁੱਲ।ਰੰਗ–ਅਨੰਦ।ਰਸਿ–ਸੁਆਦ ਵਿਚ।ਬਿਖਿਆ–ਮਾਇਆ; ਵਿਸ਼ੇ ਵਿਕਾਰ।ਉਪਾਇਓ–ਜਤਨ।ਮਨਿ–ਮਨ ਵਿਚ।ਬੇਗਿ–ਛੇਤੀ।ਤਹਾ–ਉਥੇ; ਉਸ ਪਾਸੇ।ਧਾਇਓ–ਦੌੜਦਾ ਹੈ।੧।ਸ੍ਰਮੁ–ਦੁਖ; ਥਕਾਨ।ਦੁਆਰੈ–ਦਰ ਤੇ।ਲੀਓ ਸਮਾਇਓ–ਮਿਲਾ (ਲੀਨ ਕਰ) ਲਿਆ।੨।੧੫।

ਦੇਵਗੰਧਾਰੀ ੫ ॥ ਸਰਬ ਸੁਖਾ ਗੁਰ ਚਰਨਾ ॥ ਕਲਿਮਲ ਡਾਰਨ ਮਨਹਿ ਸਧਾਰਨ, ਇਹ ਆਸਰ ਮੋਹਿ ਤਰਨਾ ॥੧॥ਰਹਾਉ॥ ਪੂਜਾ ਅਰਚਾ ਸੇਵਾ ਬੰਦਨ, ਇਹੈ ਟਹਲ ਮੋਹਿ ਕਰਨਾ ॥ ਬਿਗਸੈ ਮਨੁ ਹੋਵੈ ਪਰਗਾਸਾ, ਬਹੁਰਿ ਨ ਗਰਭੈ ਪਰਨਾ ॥੧॥ ਸਫਲ ਮੂਰਤਿ ਪਰਸਉ ਸੰਤਨ ਕੀ, ਇਹੈ ਧਿਆਨਾ ਧਰਨਾ ॥ ਭਇਓ ਕ੍ਰਿਪਾਲੁ ਠਾਕੁਰੁ ਨਾਨਕ ਕਉ ,ਪਰਿਓ ਸਾਧ ਕੀ ਸਰਨਾ ॥੨॥੧੬॥ (ਹੇ ਭਾਈ!) ਗੁਰੂ ਦੇ ਚਰਨ ਸਾਰੇ ਸੁਖ ਦੇਣ ਵਾਲੇ ਹਨ।(ਇਹ) ਪਾਪਾਂ ਦਾ ਨਾਸ਼ ਕਰਨ ਵਾਲੇ ਤੇ ਮਨ ਨੂੰ ਆਸਰਾ ਦੇਣ ਵਾਲੇ ਹਨ, ਇਸ ਆਸਰੇ ਮੇਰਾ (ਭਵਜਲ ਤੋਂ) ਤਰਨਾ ਹੋਵੇਗਾ।੧।ਰਹਾਉ।ਜੋ ਮੈਂ ਗੁਰੂ ਦੀ ਸੇਵਾ ਕਰਦਾ ਹਾਂ, ਇਹੋ ਹੀ ਮੇਰੇ ਲਈ ਦੇਵ ਪੂਜਾ, (ਮੂਰਤੀ ਨੂੰ) ਚੰਦਨ ਛਿੜਕਨਾ, (ਮੂਰਤੀ ਦੀ) ਸੇਵਾ ਤੇ (ਮੂਰਤੀ ਨੂੰ) ਨਮਸ਼ਕਾਰ ਹੈ।(ਗੁਰੂ ਦੀ ਸੇਵਾ ਕਰਕੇ) ਮਨ ਖਿੜ ਜਾਂਦਾ ਹੈ, (ਆਤਮਕ ਗਿਆਨ ਦਾ) ਪ੍ਰਕਾਸ਼ ਹੋ ਜਾਂਦਾ ਹੈ, (ਜਿਸ ਦੇ ਫਲ ਸਰੂਪ) ਮੁੜ ਕੇ ਗਰਭ ਵਿਚ ਨਹੀਂ ਪੈਣਾ ਪੈਂਦਾ।੧।ਮੈਂ ਸੰਤਾਂ ਦੇ ਚਰਨ ਪਰਸਦਾ ਹਾਂ, ਇਹੋ (ਮੇਰੇ ਲਈ) ਫਲ ਦੇਣ ਵਾਲੀ ਮੂਰਤੀ ਹੈ, ਇਹੋ ਹੀ (ਮੇਰਾ ਮੂਰਤੀ ਦਾ) ਧਿਆਨ ਧਰਨਾ ਹੈ।ਮਾਲਕ ਪ੍ਰਭੂ ਨਾਨਕ ਤੇ ਕ੍ਰਿਪਾਲ ਹੋਇਆ ਤਾਂ ਮੈਂ ਸਾਧੂ (ਗੁਰੂ) ਦੀ ਸਰਨੀਂ ਪਿਆ ਹਾਂ।੨।੧੬।

ਪਦਾਰਥ = ਸਰਬ–ਸਾਰੇ।ਕਲਿਮਲ–ਪਾਪ।ਡਾਰਨ–ਨਾਸ਼ ਕਰਨ ਵਾਲੇ।ਮਨਹਿ–ਮਨ ਨੂੰ।ਸਧਾਰਨ–ਆਸਰਾ ਦੇਣ ਵਾਲੇ; ਸੁਧਾਰਨ ਵਾਲੇ।ਮੋਹਿ–ਮੇਰਾ; ਮੈਂ।੧।ਰਹਾਉ।ਅਰਚਾ–ਦੇਵ ਪੂਜਾ ਸਮੇਂ ਚੰਦਨ ਦਾ ਛਿੜਕਾਉ।ਬੰਦਨ–ਨਮਸ਼ਕਾਰ।ਟਹਲ–ਸੇਵਾ।ਬਿਗਸੈ–ਖਿੜ ਜਾਂਦਾ ਹੈ।ਪਰਗਾਸਾ–(ਆਤਮਕ ਗਿਆਨ ਦਾ) ਪ੍ਰਕਾਸ਼।ਬਹੁਰਿ–ਮੁੜ ਕੇ।ਗਰਭੈ–ਗਰਭ (ਕੁੱਖ) ਵਿਚ।ਪਰਨਾ–ਪੈਣਾ ਪੈਂਦਾ ਹੈ।੧। ਸਫਲ–ਫਲ ਦੇਣ ਵਾਲੀ।ਪਰਸਉ–ਮੈਂ ਪਰਸਦਾ ਹਾਂ।ਭਇਓ–ਹੋਇਆ।ਕਉ–ਨੂੰ; ਉਤੇ।ਪਰਿਓ–ਪਿਆ ਹਾਂ।੨।੧੬।

ਦੇਵਗੰਧਾਰ ਮਹਲਾ ੫ ॥ ਅਪੁਨੇ ਹਰਿ ਪਹਿ ਬਿਨਤੀ ਕਹੀਐ ॥ ਚਾਰਿ ਪਦਾਰਥ ਅਨਦ ਮੰਗਲ ਨਿਧਿ, ਸੂਖ ਸਹਜ ਸਿਧਿ ਲਹੀਐ ॥੧॥ਰਹਾਉ॥ ਮਾਨੁ ਤਿਆਗਿ ਹਰਿ ਚਰਨੀ ਲਾਗਉ ,ਤਿਸੁ ਪ੍ਰਭ ਅੰਚਲੁ ਗਹੀਐ ॥ ਆਂਚ ਨ ਲਾਗੈ ਅਗਨਿ ਸਾਗਰ ਤੇ, ਸਰਨਿ ਸੁਆਮੀ ਕੀ ਅਹੀਐ ॥੧॥ ਕੋਟਿ ਪਰਾਧ ਮਹਾ ਅਕ੍ਰਿਤਘਨ, ਬਹੁਰਿ ਬਹੁਰਿ ਪ੍ਰਭ ਸਹੀਐ ॥ ਕਰੁਣਾਮੈ ਪੂਰਨ ਪਰਮੇਸੁਰ, ਨਾਨਕ ਤਿਸੁ ਸਰਨਹੀਐ ॥੨॥੧੭॥ (ਹੇ ਭਾਈ!) ਅਪਣੇ ਪ੍ਰਭੂ ਪਾਸ ਬੇਨਤੀ ਆਖਣੀ ਚਾਹੀਦੀ ਹੈ।ਚਾਰ ਪਦਾਰਥ, ਅਨੰਦ ਤੇ ਖੁਸ਼ੀਆਂ ਦੇ ਖਜਾਨੇ, (ਮਨ ਨੂੰ ਸਥਿਰ ਰੱਖਣ ਵਾਲਾ) ਕੁਦਰਤੀ ਸੁਖ ਅਤੇ ਸਿਧੀਆਂ (ਆਦਿ ਸਭ ਕੁਝ ਪ੍ਰਭੂ ਤੋਂ) ਮਿਲ ਜਾਂਦਾ ਹੈ।੧।ਰਹਾਉ। (ਹੇ ਭਾਈ!) ਮਾਣ ਛਡ ਕੇ ਹਰੀ ਦੇ ਚਰਨੀਂ ਲੱਗੇ ਰਹੋ ਅਤੇ ਉਸ ਪ੍ਰਭੂ ਦਾ ਹੀ ਲੜ ਫੜਨਾ ਚਾਹੀਦਾ ਹੈ।ਜੇ ਮਾਲਕ ਪ੍ਰਭੂ ਦੀ ਸਰਨ ਮੰਗੀਏ ਤਾਂ ਤ੍ਰਿਸ਼ਨਾ (ਜਾਂ ਕਾਮਾਦਿਕਾਂ) ਦੀ ਅੱਗ ਦੇ ਸਮੁੰਦਰ ਤੋਂ ਸੇਕ ਨਹੀਂ ਲਗਦਾ।੧।(ਪ੍ਰਭੂ ਬਖਸ਼ਿੰਦ ਹੈ, ਉਹ) ਵੱਡੇ ਵੱਡੇ ਅਕ੍ਰਿਤਘਣ (ਲੋਕਾਂ) ਦੇ ਕ੍ਰੋੜਾਂ ਪਾਪ ਮੁੜ ਮੁੜ ਕੇ ਸਹਾਰਦਾ ਹੈ।ਨਾਨਕ ਗੁਰੂ ਜੀ ਆਖਦੇ ਹਨ (ਕਿ ਜੋ ਐਸਾ) ਸਰਬ ਵਿਆਪਕ ਦਇਆ ਦਾ ਸਰੂਪ ਪ੍ਰਭੂ ਹੈ, (ਸਾਨੂੰ ਸਭ ਜੀਵਾਂ ਨੂੰ) ਉਸ ਦੀ ਸ਼ਰਣ ਲੈਣੀ ਚਾਹੀਦੀ ਹੈ।੨।੧੭।

ਨੋਟ = ਸੰ.ਸ. ਤੇ ਟਕਸਾਲ ਅਨੁਸਾਰ ਪੁਰਾਤਨ ਬੀੜਾਂ ਵਿਚ ਪਾਠ 'ਦੇਵਗੰਧਾਰ ਮਹਲਾ ੫' ਹੈ।

ਪਦਾਰਥ = ਪਹਿ–ਪਾਸ।ਕਹੀਐ–ਕਹਿਣੀ ਚਾਹੀਦੀ ਹੈ।ਚਾਰਿ ਪਦਾਰਥ–ਧਰਮ ਅਰਥ ਕਾਮ ਤੇ ਮੋਖ।ਮੰਗਲ ਨਿਧਿ–ਖੁਸ਼ੀਆਂ ਦਾ ਖਜਾਨਾ।ਸੂਖ ਸਹਜ–(ਮਨ ਨੂੰ ਟਿਕਾਉ ਵਿਚ ਰੱਖਣ ਵਾਲਾ) ਕੁਦਰਤੀ ਸੁਖ।ਸਿਧਿ–ਕਰਾਮਾਤੀ ਤਾਕਤਾਂ।ਲਹੀਐ–ਮਿਲ ਜਾਂਦਾ ਹੈ।੧।ਰਹਾਉ।ਮਾਨੁ–ਹੰਕਾਰ।ਤਿਆਗਿ–ਛਡ ਕੇ।ਅੰਚਲੁ–ਲੜ; ਪੱਲਾ।ਗਹੀਐ–ਫੜਨਾ ਚਾਹੀਦਾ ਹੈ।ਆਂਚ–ਸੇਕ।ਅਗਨਿ ਸਾਗਰ–ਅੱਗ ਦਾ ਸਮੁੰਦਰ।ਤੇ–ਤੋਂ।ਅਹੀਐ–ਮੰਗਣੀ ਚਾਹੀਦੀ ਹੈ।੧।ਕੋਟਿ–ਕ੍ਰੋੜਾਂ।ਪਰਾਧ–ਪਾਪ।ਬਹੁਰਿ–ਮੁੜ ਕੇ।ਸਹੀਐ–ਸਹਾਰਦਾ ਹੈ।ਕਰੁਣਾਮੈ–ਦਇਆ ਦਾ ਸਰੂਪ।ਪੂਰਨ–ਸਰਬ ਵਿਆਪਕ।ਸਰਨਹੀਐ–(ਸਰਨ+ਆਹੀਐ) ਸਰਨ ਲੈਣੀ ਚਾਹੀਦੀ ਹੈ।੨।੧੭।

ਦੇਵਗੰਧਾਰੀ ੫ ॥ ਗੁਰ ਕੇ ਚਰਨ ਰਿਦੈ ਪਰਵੇਸਾ ॥ ਰੋਗ ਸੋਗ ਸਭਿ ਦੂਖ ਬਿਨਾਸੇ, ਉਤਰੇ ਸਗਲ ਕਲੇਸਾ ॥੧॥ਰਹਾਉ॥ ਜਨਮ ਜਨਮ ਕੇ ਕਿਲਵਿਖ ਨਾਸਹਿ, ਕੋਟਿ ਮਜਨ ਇਸਨਾਨਾ ॥ ਨਾਮੁ ਨਿਧਾਨੁ ਗਾਵਤ ਗੁਣ ਗੋਬਿੰਦ, ਲਾਗੋ ਸਹਜਿ ਧਿਆਨਾ ॥੧॥ ਕਰਿ ਕਿਰਪਾ ਅਪੁਨਾ ਦਾਸੁ ਕੀਨੋ, ਬੰਧਨ ਤੋਰਿ ਨਿਰਾਰੇ ॥ ਜਪਿ ਜਪਿ ਨਾਮੁ ਜੀਵਾ ਤੇਰੀ ਬਾਣੀ, ਨਾਨਕ ਦਾਸ ਬਲਿਹਾਰੇ ॥੨॥੧੮॥ ਛਕੇ ੩ ॥ (ਹੇ ਭਾਈ! ਜਦੋਂ ਮੇਰੇ) ਹਿਰਦੇ ਵਿਚ ਗੁਰੂ ਦੇ ਚਰਨ ਪ੍ਰਵੇਸ਼ ਕਰ ਗਏ।ਤਾਂ ਰੋਗ ਸੋਗ ਤੇ ਦੁਖ ਸਾਰੇ ਨਾਸ਼ ਹੋ ਗਏ ਅਤੇ ਸਾਰੇ ਕਲੇਸ਼ ਵੀ ਉਤਰ ਗਏ ਹਨ।੧।ਰਹਾਉ।(ਗੁਰੂ ਦੇ ਚਰਨ ਹਿਰਦੇ ਵਿਚ ਵਸ ਜਾਣ ਨਾਲ) ਜਨਮਾਂ ਜਨਮਾਂ ਦੇ ਪਾਪ ਨਾਸ਼ ਹੋ

ਗਏ ਅਤੇ ਕ੍ਰੋੜਾਂ ਪੁਰਬਾਂ ਦੇ ਤੀਰਥ ਇਸ਼ਨਾਨ ਹੋ ਗਏ ਹਨ।ਗੋਬਿੰਦ ਦੇ ਗੁਣ ਗਾਉਂਦਿਆਂ ਨਾਮ ਰੂਪ ਖਜਾਨਾ ਮਿਲ ਗਿਆ ਅਤੇ ਸਹਿਜ ਅਵਸਥਾ ਵਿਚ ਧਿਆਨ ਲਗ ਗਿਆ ਹੈ।੧।ਕ੍ਰਿਪਾ ਕਰਕੇ (ਪ੍ਰਭੂ ਨੇ ਮੈਨੂੰ) ਅਪਣਾ ਦਾਸ ਬਣਾ ਲਿਆ, (ਹੁਣ ਮੋਹ ਮਾਇਆ ਦੇ) ਬੰਧਨ ਤੋੜ ਕੇ ਨਿਰਾਲੇ ਹੋ ਗਏ ਹਾਂ।(ਹੇ ਪ੍ਰਭੂ!) ਦਾਸ ਨਾਨਕ ਨਾਮ ਜਪ ਜਪ ਕੇ ਅਤੇ ਤੇਰੀ ਬਾਣੀ ਪੜ੍ਹ ਕੇ ਜਿਉਂਦਾ ਹੈ ਅਤੇ (ਤੇਰੇ ਤੋਂ) ਸਦਕੇ ਜਾਂਦਾ ਹੈ।੨।੧੮।ਛੱਕੇ ੩।

ਪਦਾਰਥ = ਰਿਦੈ–ਹਿਰਦੇ ਵਿਚ।ਪ੍ਰਵੇਸਾ–ਟਿਕ ਗਏ।ਸੋਗ–ਗਮ।ਬਿਨਾਸੇ–ਨਾਸ਼ ਹੋ ਗਏ।ਉਤਰੇ–ਦੂਰ ਹੋ ਗਏ।ਸਗਲ–ਸਾਰੇ। ਕਲੇਸਾ–ਦੁਖ।੧।ਰਹਾਉ।ਕਿਲਵਿਖ–ਪਾਪ।ਨਾਸਹਿ–ਨਾਸ਼ ਹੋ ਗਏ।ਕੋਟਿ–ਕ੍ਰੋੜਾ।ਮਜਨ–(ਪਾਣੀ ਵਿਚ) ਚੁੱਭੀ ਮਾਰਨਾ।ਨਿਧਾਨੁ– ਖਜਾਨਾ।ਸਹਜਿ–ਸਹਿਜ ਅਵਸਥਾ ਵਿਚ।੧।ਕੀਨੋ–ਬਣਾ ਲਿਆ।ਤੋਰਿ–ਤੋੜ ਕੇ।ਨਿਰਾਰੇ–ਨਿਰਲੇਪ; ਸੁਤੰਤਰ।੨।੧੮।

ਦੇਵਗੰਧਾਰੀ ਮਹਲਾ ੫ ॥ ਮਾਈ ਪ੍ਰਭ ਕੇ ਚਰਨ ਨਿਹਾਰਉ ॥ ਕਰਹੁ ਅਨੁਗ੍ਰਹੁ ਸੁਆਮੀ ਮੇਰੇ, ਮਨ ਤੇ ਕਬਹੁ ਨ ਡਾਰਉ ॥੧॥ਰਹਾਉ॥ ਹੇ ਮਾਈ! ਮੈਂ ਪ੍ਰਭੂ ਦੇ ਚਰਨ ਦੇਖਦਾ ਰਹਿੰਦਾ ਹਾਂ।(ਅਤੇ ਅਰਦਾਸ ਕਰਦਾ ਹਾਂ ਕਿ) ਹੇ ਮੇਰੇ ਮਾਲਕ ਪ੍ਰਭੂ! ਮੇਰੇ ਤੇ ਕ੍ਰਿਪਾ ਕਰ, ਮੈਂ ਅਪਣੇ ਮਨ ਤੋਂ (ਤੇਰੇ ਚਰਨਾਂ ਨੂੰ) ਕਦੇ ਵੀ ਦੂਰ ਨਾ ਕਰਾਂ।੧।ਰਹਾਉ।

ਅੰਗ ੫੩੨ = ਸਾਧੂ ਧੂਰਿ ਲਾਈ ਮੁਖਿ ਮਸਤਕਿ, ਕਾਮ ਕ੍ਰੋਧ ਬਿਖੁ ਜਾਰਉ ॥ ਸਭ ਤੇ ਨੀਚੁ ਆਤਮ ਕਰਿ ਮਾਨਉ ,ਮਨ ਮਹਿ ਇਹੁ ਸੁਖੁ ਧਾਰਉ ॥੧॥ ਗੁਨ ਗਾਵਹ ਠਾਕੁਰ ਅਬਿਨਾਸੀ, ਕਲਮਲ ਸਗਲੇ ਝਾਰਉ ॥ ਨਾਮੁ ਨਿਧਾਨੁ ਨਾਨਕ ਦਾਨੁ ਪਾਵਉ ,ਕੰਠਿ ਲਾਇ ਉਰਿ ਧਾਰਉ ॥੨॥੧੯॥ ਸਾਧੂ (ਗੁਰੂ) ਦੇ ਚਰਨਾਂ ਦੀ ਧੂੜ ਮੁਖ ਤੇ ਮੱਥੇ ਉਤੇ ਲਗਾਵਾਂ ਅਤੇ ਕਾਮ ਕ੍ਰੋਧ ਦੀ ਬਿਖ ਨੂੰ ਜਾਲ ਦੇਵਾਂ।ਮਨ ਵਿਚ ਇਹ ਸੁਖ ਧਾਰਨ ਕਰਾਂ ਕਿ ਅਪਣੇ ਆਪ ਨੂੰ ਸਭ ਤੋਂ ਨੀਵਾਂ ਕਰਕੇ ਮੰਨਾਂ।੧।(ਹੇ ਭਾਈ! ਆਪਾਂ ਸਾਰੇ ਮਿਲ ਕੇ) ਨਾਸ਼ ਰਹਿਤ ਮਾਲਕ ਪ੍ਰਭੂ ਦੇ ਗੁਣ ਗਾਉਂਦੇ ਰਹੀਏ, (ਗੁਣ ਗਾ ਕੇ ਮੈਂ ਅਪਣੇ) ਸਾਰੇ ਪਾਪ ਦੂਰ ਕਰ ਦੇਵਾਂ।ਨਾਨਕ ਗੁਰੂ ਜੀ ਆਖਦੇ ਹਨ ਕਿ (ਹੇ ਪ੍ਰਭੂ! ਜੋ) ਨਾਮ ਰੂਪ ਖਜਾਨਾ ਹੈ, (ਆਪ ਜੀ ਤੋਂ ਮੈਂ ਇਹ) ਦਾਨ ਪ੍ਰਾਪਤ ਕਰਾਂ ਅਤੇ (ਇਸ ਨਾਮ ਨੂੰ) ਗਲ ਨਾਲ ਲਾ ਕੇ ਹਿਰਦੇ ਵਿਚ ਧਾਰਨ ਕਰੀ ਰੱਖਾਂ।੨।੧੯।

ਪਦਾਰਥ = ਮਾਈ–ਹੇ ਮਾਈ!।ਨਿਹਾਰਉ–ਦੇਖਦਾ ਹਾਂ।ਕਰਹੁ ਅਨੁਗ੍ਰਹੁ–ਕ੍ਰਿਪਾ ਕਰੋ।ਤੇ–ਤੋਂ।ਕਬਹੁ–ਕਦੇ ਵੀ।ਨ ਡਾਰਉ–ਦੂਰ ਨਾ ਕਰਾਂ।੧।ਰਹਾਉ।ਲਾਈ–ਲਗਾਵਾਂ।ਮੁਖਿ–ਮੂੰਹ ਤੇ।ਮਸਤਕਿ–ਮੱਥੇ ਤੇ।ਬਿਖੁ–ਜਹਿਰ।ਜਾਰਉ–ਜਾਲ ਦੇਵਾਂ।ਆਤਮ–ਅਪਣੇ ਆਪ ਨੂੰ।ਮਾਨਉ–ਮੰਨਾਂ।ਧਾਰਉ–ਟਿਕਾ ਲਵਾਂ।੧।ਗਾਵਹ–ਗਾਉਂਦੇ ਰਹੀਏ।ਅਬਿਨਾਸੀ–ਨਾਸ਼ ਰਹਿਤ।ਕਲਮਲ–ਪਾਪ।ਸਗਲੇ– ਸਾਰੇ।ਝਾਰਉ–ਝਾੜ (ਦੂਰ ਕਰ) ਦੇਵਾਂ।ਕੰਠਿ–ਗਲ ਨਾਲ।ਉਰਿ–ਹਿਰਦੇ ਵਿਚ।੨।੧੯।

ਦੇਵਗੰਧਾਰੀ ਮਹਲਾ ੫ ॥ ਪ੍ਰਭ ਜੀਉ ਪੇਖਉ ਦਰਸੁ ਤੁਮਾਰਾ ॥ ਸੁੰਦਰ ਧਿਆਨੁ ਧਾਰੁ ਦਿਨੁ ਰੈਨੀ, ਜੀਅ ਪ੍ਰਾਨ ਤੇ ਪਿਆਰਾ ॥੧॥ ਰਹਾਉ॥ ਸਾਸਤ੍ਰ ਬੇਦ ਪੁਰਾਨ ਅਵਿਲੋਕੇ, ਸਿਮ੍ਰਿਤਿ ਤਤੁ ਬੀਚਾਰਾ ॥ ਦੀਨਾ ਨਾਥ ਪ੍ਰਾਨਪਤਿ ਪੂਰਨ, ਭਵਜਲ ਉਧਰਨਹਾਰਾ ॥੧॥ ਆਦਿ ਜੁਗਾਦਿ ਭਗਤ ਜਨ ਸੇਵਕ, ਤਾ ਕੀ ਬਿਖੈ ਅਧਾਰਾ ॥ ਤਿਨ ਜਨ ਕੀ ਧੂਰਿ ਬਾਛੈ ਨਿਤ ਨਾਨਕੁ, ਪਰਮੇਸਰੁ ਦੇਵਨਹਾਰਾ ॥੨॥ ੨੦॥ ਹੇ ਪ੍ਰਭੂ ਜੀਉ! (ਮੇਹਰ ਕਰ ਮੈਂ ਸਦਾ) ਤੇਰਾ ਦਰਸ਼ਨ ਦੇਖਦਾ ਰਹਾਂ।(ਮੈਂ ਤੇਰੇ) ਸੁੰਦਰ ਸਰੂਪ ਦਾ ਧਿਆਨ ਦਿਨ ਰਾਤ ਧਾਰਦਾ ਰਹਾਂ, (ਜੋ ਮੈਨੂੰ) ਜਿੰਦ ਤੇ ਪ੍ਰਾਣਾਂ ਤੋਂ ਪਿਆਰਾ ਹੈ।੧।ਰਹਾਉ।ਮੈਂ ਸਾਰੇ ਸ਼ਾਸਤ੍ਰ ,ਬੇਦ ਤੇ ਪੁਰਾਣ ਵਿਚਾਰ ਕੇ ਦੇਖੇ ਹਨ ਤੇ ਸਿਮ੍ਰਤੀਆਂ ਦਾ ਵੀ ਤੱਤ ਵਿਚਾਰਿਆ ਹੈ।(ਕੇਵਲ) ਗਰੀਬਾਂ ਦਾ ਮਾਲਕ, ਪ੍ਰਾਣਾਂ ਦਾ ਪਤੀ ਸਰਬ ਵਿਆਪਕ ਪ੍ਰਭੂ ਭਵਜਲ ਤੋਂ ਤਾਰ ਦੇਣ ਵਾਲਾ ਹੈ।੧।ਆਦਿ ਕਾਲ ਤੋਂ ਹੀ (ਹੇ ਪ੍ਰਭੂ! ਜੋ ਤੇਰੇ) ਭਗਤ ਜਨ ਤੇ ਸੇਵਕ ਹਨ, ਮਾਇਆ (ਮਾਇਕ ਸੰਸਾਰ) ਵਿਚ ਉਨ੍ਹਾਂ ਦੀ (ਤੂੰ ਹੀ) ਓਟ ਹੈਂ।ਨਾਨਕ ਉਨ੍ਹਾਂ ਸੇਵਕਾਂ ਦੀ ਚਰਨ ਧੂੜ ਨਿਤ ਮੰਗਦਾ ਹੈ, (ਪਰ ਇਹ) ਦਾਤ ਦੇਣ ਵਾਲਾ ਪ੍ਰਮੇਸਰ ਆਪ ਹੈ।੨।੨੦।

ਤਾਕੀ ਬਿਖੈ ਅਧਾਰਾ = ੧. ਉਸ (ਪ੍ਰਭੂ) ਦੀ ਓਟ ਵਿਚ ਰਹਿੰਦੇ ਹਨ।੨. ਉਸ (ਪ੍ਰਭੂ) ਵਿਚ ਹੀ ਓਟ ਤੱਕੀ ਹੈ।੩. ਮਾਇਆ; ਵਿਸ਼ਿਆਂ ਤੋਂ ਬਚਣ ਲਈ ਤੇਰੀ ਓਟ ਤੱਕੀ (ਦੇਖੀ) ਹੈ।੪. ਉਨ੍ਹਾਂ ਨੂੰ ਵਿਸ਼ਿਆਂ ਦੀ ਕੀ ਓਟ ਹੈ? (ਨਹੀਂ ਹੈ)।

ਪਦਾਰਥ = ਪੇਖਉ–ਦੇਖਦਾ ਰਹਾਂ।ਤੁਮਾਰਾ–ਤੇਰਾ।ਧਾਰੁ–ਧਾਰਦਾ ਰਹਾਂ।ਰੈਨੀ–ਰਾਤ।ਜੀਅ–ਜਿੰਦ।ਤੇ–ਤੋਂ।੧।ਰਹਾਉ।ਅਵਿਲੋਕੇ –ਦੇਖੇ ਹਨ।ਦੀਨਾ ਨਾਥ–ਗਰੀਬਾਂ ਅਨਾਥਾਂ ਦਾ ਮਾਲਕ।ਪ੍ਰਾਣ ਪਤਿ–ਪ੍ਰਾਣਾਂ ਦਾ ਮਾਲਕ।ਪੂਰਨ–ਸਰਬ ਵਿਆਪਕ।ਭਵਜਲ–ਸੰਸਾਰ ਸਮੁੰਦਰ।ਉਧਰਨਹਾਰਾ–ਤਾਰਨ ਵਾਲਾ।੧।ਆਦਿ ਜੁਗਾਦਿ–ਆਦਿ ਸਮੇਂ ਤੋਂ।ਤਾ ਕੀ–ਉਨ੍ਹਾਂ ਦੀ; ਤੱਕਿਆ ਹੈ।ਬਿਖੈ–ਮਾਇਆ; ਵਿਚ।ਅਧਾਰਾ–ਆਸਰਾ।ਤਿਨ–ਉਨ੍ਹਾਂ ਦੀ।ਜਨ ਕੀ–ਸੇਵਕਾਂ ਦੀ।ਬਾਛੈ–ਮੰਗਦਾ ਹੈ।ਨਿਤ–ਰੋਜ; ਸਦਾ।੨।੨੦।

ਦੇਵਗੰਧਾਰੀ ਮਹਲਾ ੫ ॥ ਤੇਰਾ ਜਨੁ ਰਾਮ ਰਸਾਇਣਿ ਮਾਤਾ ॥ ਪ੍ਰੇਮ ਰਸਾ ਨਿਧਿ ਜਾ ਕਉ ਉਪਜੀ, ਛੋਡਿ ਨ ਕਤਹੂ ਜਾਤਾ ॥੧॥

ਰਹਾਉ॥ ਬੈਠਤ ਹਰਿ ਹਰਿ ਸੋਵਤ ਹਰਿ ਹਰਿ, ਹਰਿ ਰਸੁ ਭੋਜਨ ਖਾਤਾ ॥ ਅਠਸਠਿ ਤੀਰਥ ਮਜਨੁ ਕੀਨੋ, ਸਾਧੂ ਧੂਰੀ ਨਾਤਾ ॥੧॥ ਸਫਲੁ ਜਨਮੁ ਹਰਿ ਜਨ ਕਾ ਉਪਜਿਆ, ਜਿਨਿ ਕੀਨੋ ਸਉਤੁ ਬਿਧਾਤਾ ॥ ਸਗਲ ਸਮੂਹ ਲੈ ਉਧਰੇ ਨਾਨਕ, ਪੂਰਨ ਬ੍ਰਹਮੁ ਪਛਾਤਾ ॥੨॥੨੧॥ (ਹੇ ਪ੍ਰਭੂ!) ਤੇਰਾ ਸੇਵਕ ਰਾਮ ਨਾਮ ਦੇ ਰਸ ਵਿਚ ਮਗਨ ਹੈ। ਜਿਸ ਮਨੁੱਖ ਨੂੰ ਪ੍ਰੇਮ ਰੂਪ ਰਸਾਂ ਦੀ ਨਿਧੀ ਪੈਦਾ ਹੋ ਗਈ ਹੈ, (ਉਹ ਇਸ ਰਸ ਨੂੰ) ਛਡ ਕੇ ਹੋਰ ਕਿਤੇ ਨਹੀਂ ਜਾਂਦਾ।੧।ਰਹਾਉ।(ਫਿਰ ਉਹ) ਬੈਠਿਆਂ ਵੀ ਹਰਿ ਹਰਿ ਤੇ ਸੁੱਤੇ ਪਿਆਂ ਵੀ ਹਰਿ ਹਰਿ ਨਾਮ ਸਿਮਰਦਾ ਰਹਿੰਦਾ ਹੈ ਅਤੇ ਹਰੀ ਦਾ ਨਾਮ ਰਸ ਰੂਪ ਹੀ ਭੋਜਨ ਖਾਂਦਾ ਹੈ।(ਜਿਹੜਾ ਪੁਰਖ) ਸਾਧੂਆਂ ਦੀ ਚਰਨ ਧੂੜ ਵਿਚ ਨ੍ਹਾਇਆ ਹੈ, (ਉਸ ਨੇ ਮਾਨੋ) ਅਠਾਹਠ ਤੀਰਥਾਂ (ਦੇ ਪੁਰਬਾਂ) ਦਾ ਇਸ਼ਨਾਨ ਕਰ ਲਿਆ ਹੈ।੧।ਹਰੀ ਦੇ ਸੇਵਕਾਂ ਦਾ ਪੈਦਾ ਹੋਇਆ ਮਨੁੱਖਾ ਜਨਮ ਸਫਲ ਹੈ, ਜਿਸ ਨੇ ਕਰਤਾਰ ਨੂੰ ਸੰਤਾਨ ਵਾਲਾ ਕਰ ਦਿਤਾ ਹੈ (ਲੋਕਾਂ ਨੂੰ ਸੁਧਾਰ ਕੇ ਹਰੀ ਦੀ ਚੰਗੀ ਸੰਤਾਨ ਬਣਾ ਦਿਤਾ ਹੈ।ਉਸ ਸੇਵਕ ਨੇ) ਸਰਬ ਵਿਆਪਕ ਬ੍ਰਹਮ ਨੂੰ ਪਛਾਣ ਲਿਆ ਹੈ, (ਜਿਸ ਕਰਕੇ ਉਹ ਅਪਣੀ ਸੰਗਤ ਦੇ) ਸਾਰੇ ਸਮੂੰਹ ਨੂੰ ਨਾਲ ਲੈ ਕੇ (ਭਵਜਲ ਤੋਂ) ਪਾਰ ਹੋ ਗਿਆ ਹੈ।੨।੨੧।

ਪਦਾਰਥ = ਜਨੁ–ਸੇਵਕ।ਰਸਾਇਣਿ–ਇਕ ਦਵਾਈ ਜੋ ਬੁਢੇਪੇ ਨੂੰ ਛੇਤੀ ਨਹੀਂ ਆਉਣ ਦੇਂਦੀ; (ਸੁਖ ਦੇਣ ਵਾਲੇ) ਨਾਮ ਰਸ ਵਿਚ। ਮਾਤਾ–ਮਗਨ।ਰਸਾ ਨਿਧਿ–ਰਸਾਂ ਦਾ ਖਜਾਨਾ।ਜਾ ਕਉ–ਜਿਸ ਨੂੰ; ਜਿਸ ਦੇ (ਹਿਰਦੇ) ਵਿਚ।ਕਤ ਹੂ–ਕਿਤੇ ਵੀ।ਨ ਜਾਤਾ–ਨਹੀਂ ਜਾਂਦਾ।੧।ਰਹਾਉ।ਸੋਵਤ–ਸੁੱਤਿਆਂ।ਖਾਤਾ–ਖਾਂਦਾ ਹੈ।ਅਠਸਠਿ–ਅਠਾਹਠ।ਮਜਨੁ–ਸ਼ਨਾਨ।ਧੂਰੀ–ਧੂੜ ਵਿਚ।ਨਾਤਾ–ਨ੍ਹਾਇਆ (ਇਸ਼ਨਾਨ ਕੀਤਾ) ਹੈ।੧।ਜਿਨਿ–ਜਿਸ ਨੇ।ਕੀਨੋ–ਕੀਤਾ ਹੈ।ਸਉਤੁ–ਸੰਤਾਨ ਵਾਲਾ।ਬਿਧਾਤਾ–ਕਰਤਾਰ ਨੂੰ।ਸਗਲ ਸਮੂਹ–ਸਾਰੇ ਗਰੋਹ ਨੂੰ।ਲੈ–ਲੈ ਕੇ।ਉਧਰੇ–ਪਾਰ ਹੋ ਗਿਆ।ਪੂਰਨ–ਸਰਬ ਵਿਆਪਕ।ਪਛਾਤਾ–ਪਛਾਣ ਲਿਆ।੨।੨੧।

ਦੇਵਗੰਧਾਰੀ ਮਹਲਾ ੫ ॥ ਮਾਈ ਗੁਰ ਬਿਨੁ ਗਿਆਨੁ ਨ ਪਾਈਐ ॥ ਅਨਿਕ ਪ੍ਰਕਾਰ ਫਿਰਤ ਬਿਲਲਾਤੇ, ਮਿਲਤ ਨਹੀ ਗੋਸਾਈਐ ॥੧॥ਰਹਾਉ॥ ਮੋਹ ਰੋਗ ਸੋਗ ਤਨੁ ਬਾਧਿਓ, ਬਹੁ ਜੋਨੀ ਭਰਮਾਈਐ ॥ ਟਿਕਨੁ ਨ ਪਾਵੈ ਬਿਨੁ ਸਤਸੰਗਤਿ, ਕਿਸੁ ਆਗੈ ਜਾਇ ਰੂਆਈਐ ॥੧॥ ਕਰੈ ਅਨੁਗ੍ਰਹੁ ਸੁਆਮੀ ਮੇਰਾ, ਸਾਧ ਚਰਨ ਚਿਤੁ ਲਾਈਐ ॥ ਸੰਕਟ ਘੋਰ ਕਟੇ ਖਿਨ ਭੀਤਰਿ, ਨਾਨਕ ਹਰਿ ਦਰਸਿ ਸਮਾਈਐ ॥੨॥੨੨॥ ਹੇ ਮਾਈ! ਗੁਰੂ ਤੋਂ ਬਿਨਾ ਗਿਆਨ ਨਹੀਂ ਪਾਇਆ ਜਾਂਦਾ।(ਲੋਕ) ਅਨੇਕਾਂ ਪ੍ਰਕਾਰ ਦੇ ਜਤਨ ਕਰਦੇ ਰੋਂਦੇ ਫਿਰਦੇ ਹਨ, (ਪਰ ਸੱਚੇ ਗੁਰੂ ਤੋਂ ਬਿਨਾ ਕੋਈ ਵੀ ਮਨੁੱਖ) ਪ੍ਰਭੂ ਨੂੰ ਨਹੀਂ ਮਿਲ ਸਕਦਾ।੧।ਰਹਾਉ।(ਪ੍ਰਵਾਰ ਦੇ) ਮੋਹ ਤੇ ਰੋਗ ਸੋਗ ਵਿਚ ਸਰੀਰ ਬੱਧਾ ਪਿਆ ਹੈ, (ਇਸ ਕਰਕੇ ਜੀਵ ਨੂੰ) ਬਹੁਤ ਜੋਨੀਆਂ ਵਿਚ ਭਰਮਾਈਦਾ ਹੈ।ਸਤ ਸੰਗਤ ਤੋਂ ਬਿਨਾ (ਜੀਵ ਨੂੰ ਜੋਨੀਆਂ ਤੋਂ) ਟਿਕਾਉ ਨਹੀਂ ਪ੍ਰਾਪਤ ਹੁੰਦਾ, (ਇਸ ਕਰਕੇ ਗੁਰੂ ਤੋਂ ਬਿਨਾ ਅਪਣਾ) ਦੁਖ ਕਿਸ ਅੱਗੇ ਜਾ ਕੇ ਰੋਈਏ?।੧। (ਜਦ) ਮੇਰਾ ਮਾਲਕ ਮੇਹਰ ਕਰਦਾ ਹੈ, (ਤਦ) ਸਾਧ ਗੁਰੂ ਦੇ ਚਰਨਾਂ ਵਿਚ ਚਿਤ ਲਾ ਸਕੀਦਾ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ (ਗੁਰੂ ਦੀ ਕ੍ਰਿਪਾ ਨਾਲ) ਇਕ ਖਿਨ ਵਿਚ ਸੰਕਟ ਕੱਟੇ ਜਾਂਦੇ ਹਨ ਅਤੇ ਹਰੀ ਦੇ ਦਰਸ਼ਨ ਵਿਚ ਸਮਾ ਜਾਈਦਾ ਹੈ।੨।੨੨।

ਪਦਾਰਥ = ਮਾਈ–ਹੇ ਮਾਈ!।ਅਨਿਕ ਪ੍ਰਕਾਰ–ਬਹੁਤ ਤਰ੍ਹਾਂ ਦੇ।ਫਿਰਤ ਬਿਲਲਾਤੇ–ਰੋਂਦੇ ਫਿਰਦੇ (ਦੁਖੀ ਹੁੰਦੇ) ਹਨ।ਗੋਸਾਈਐ–ਸ੍ਰਿਸਟੀ ਦੇ ਮਾਲਕ ਪ੍ਰਭੂ ਨੂੰ।੧।ਰਹਾਉ।ਸੋਗ–ਗਮ।ਬਾਧਿਓ–ਬੰਨ੍ਹਿਆ ਪਿਆ ਹੈ।ਭਰਮਾਈਐ–ਭਰਮਾਈਦਾ ਹੈ।ਟਿਕਨੁ–ਟਿਕਾਉ ।ਰੂਆਈਐ–ਰੋਈਏ (ਪੁਕਾਰ ਕਰੀਏ)।੧।ਅਨੁਗ੍ਰਹੁ–ਮੇਹਰ।ਸੰਕਟ–ਦੁਖ।ਘੋਰ–ਭਿਆਨਕ।ਖਿਨ ਭੀਤਰਿ–ਇਕ ਖਿਨ ਵਿਚ। ਦਰਸਿ–ਦਰਸ਼ਨ ਵਿਚ।ਸਮਾਈਐ–ਲੀਨ ਹੋ ਜਾਈਦਾ ਹੈ।੨।੨੨।

ਦੇਵਗੰਧਾਰੀ ਮਹਲਾ ੫ ॥ ਠਾਕੁਰ ਹੋਏ ਆਪਿ ਦਇਆਲ ॥ ਭਈ ਕਲਿਆਣ ਅਨੰਦ ਰੂਪ ਹੋਈ ਹੈ, ਉਬਰੇ ਬਾਲ ਗੁਪਾਲ ॥ਰਹਾਉ॥ ਦੁਇ ਕਰ ਜੋੜਿ ਕਰੀ ਬੇਨੰਤੀ, ਪਾਰਬ੍ਰਹਮੁ ਮਨਿ ਧਿਆਇਆ ॥ ਹਾਥੁ ਦੇਇ ਰਾਖੇ ਪਰਮੇਸੁਰਿ, ਸਗਲਾ ਦੁਰਤੁ ਮਿਟਾਇਆ ॥੧॥ ਵਰ ਨਾਰੀ ਮਿਲਿ ਮੰਗਲੁ ਗਾਇਆ, ਠਾਕੁਰ ਕਾ ਜੈਕਾਰੁ ॥ ਕਹੁ ਨਾਨਕ ਜਨ ਕਉ ਬਲਿ ਜਾਈਐ, ਜੋ ਸਭਨਾ ਕਰੇ ਉਧਾਰੁ ॥੨॥੨੩ ॥ (ਬਾਲਕ ਹਰਿਗੋਬਿੰਦ ਸਾਹਿਬ ਦੇ ਸੀਤਲਾ ਰੋਗ ਅਤੇ ਵੈਰੀਆਂ ਦੇ ਹਮਲਿਆਂ ਤੋਂ ਬਚ ਜਾਣ ਬਾਦ ਸ਼ੁਕਰਾਨੇ ਵੱਜੋਂ ਇਹ ਸ਼ਬਦ ਉਚਰਿਆ ਹੈ।ਹੇ ਭਾਈ! ਮੇਰੇ ਉਪਰ) ਮਾਲਕ ਪ੍ਰਭੂ ਜੀ ਆਪ ਦਿਆਲੂ ਹੋਏ ਹਨ।(ਘਰ ਵਿਚ) ਸੁਖ ਸ਼ਾਂਤੀ ਹੋ ਗਈ ਹੈ ਤੇ (ਬਿਰਤੀ ਵੀ) ਅਨੰਦ ਰੂਪ ਹੋ ਗਈ ਹੈ, ਪ੍ਰਭੂ ਦੇ ਬੱਚੇ ਬਚ ਗਏ ਹਨ।ਰਹਾਉ।ਮੈਂ ਦੋਵੇਂ ਹੱਥ ਜੋੜ ਕੇ ਬੇਨਤੀ ਕੀਤੀ ਅਤੇ ਪਾਰਬ੍ਰਹਮ ਨੂੰ ਮਨ ਵਿਚ ਸਿਮਰਿਆ।ਪ੍ਰਮੇਸਰ ਨੇ ਹੱਥ ਦੇ ਕੇ (ਬਾਲਕ ਦੀ) ਰੱਖਿਆ ਕੀਤੀ ਅਤੇ ਸਾਰਾ ਦੁਖ ਮਿਟਾ ਦਿਤਾ ਹੈ।੧।ਪਤੀ ਵਾਲੀਆਂ ਇਸਤ੍ਰੀਆਂ (ਗੁਰਮੁਖਾਂ) ਨੇ ਮਿਲ ਕੇ ਖੁਸ਼ੀ ਦਾ ਗੀਤ (ਹਰੀ ਦਾ ਜਸ) ਗਾਇਆ ਅਤੇ ਪ੍ਰਭੂ ਦਾ ਜੈ ਜੈਕਾਰ ਕੀਤਾ।ਨਾਨਕ ਗੁਰੂ ਜੀ ਆਖਦੇ ਹਨ (ਕਿ ਉਸ) ਗੁਰੂ ਜਨ ਤੋਂ ਬਲਹਾਰ ਜਾਈਏ, ਜੋ ਸਭ ਦਾ (ਭਵਜਲ ਤੋਂ) ਪਾਰ ਉਤਾਰਾ ਕਰਦਾ ਹੈ।੨।੨੩।

ਪਦਾਰਥ = ਠਾਕੁਰ-ਮਾਲਕ ਪ੍ਰਭੂ ਜੀ। ਕਲਿਆਣ-ਸੁਖ ਸ਼ਾਂਤੀ; ਮੁਕਤੀ। ਅਨੰਦ ਰੂਪ-ਅਨੰਦ ਭਰਪੂਰ। ਉਬਰੇ-ਬਚ ਗਏ। ਬਾਲ ਗੁਪਾਲ-ਸ੍ਰਿਸਟੀ ਦੇ ਪਾਲਣ ਵਾਲੇ ਪ੍ਰਭੂ ਦੇ ਬੱਚੇ; ਹਰੀ ਦਾ ਰੂਪ ਬਾਲਕ (ਹਰਿਗੋਬਿੰਦ ਸਾਹਿਬ)। ਰਹਾਉ। ਦੁਇ-ਦੋਵੇਂ। ਕਰ-ਹੱਥ। ਮਨਿ-ਮਨ ਵਿਚ। ਪਰਮੇਸਰਿ-ਪ੍ਰਮੇਸਰ ਨੇ। ਸਗਲਾ-ਸਾਰਾ। ਦੁਰਤ-ਦੁਖ। ਵਰ ਨਾਰੀ-ਪਤੀ ਵਾਲੀਆਂ ਇਸਤ੍ਰੀਆਂ (ਸੁਹਾਗਣਾਂ ਭਾਵ ਗੁਰਮੁਖਾਂ ਨੇ)। ਮੰਗਲੁ-ਖੁਸ਼ੀ ਦਾ ਗੀਤ (ਹਰੀ ਜਸ)। ਜਨ ਕਉ-(ਹਰੀ ਦੇ) ਸੇਵਕ ਗੁਰੂ ਤੋਂ। ਉਧਾਰੁ-ਪਾਰ ਉਤਾਰਾ।੨।੨੩।

ਅੰਗ ੫੩੩ = ੧ੴ ਸਤਿਗੁਰ ਪ੍ਰਸਾਦਿ ॥ ਦੇਵਗੰਧਾਰੀ ਮਹਲਾ ੫ ॥ ਅਪੁਨੇ ਸਤਿਗੁਰ ਪਹਿ ਬਿਨਉ ਕਹਿਆ ॥ ਭਏ ਕ੍ਰਿਪਾਲ ਦਇਆਲ ਦੁਖ ਭੰਜਨ, ਮੇਰਾ ਸਗਲ ਅੰਦੇਸਰਾ ਗਇਆ ॥ਰਹਾਉ॥ ਹਮ ਪਾਪੀ ਪਾਖੰਡੀ ਲੋਭੀ, ਹਮਾਰਾ ਗੁਨੁ ਅਵਗੁਨੁ ਸਭੁ ਸਹਿਆ ॥ ਕਰੁ ਮਸਤਕਿ ਧਾਰਿ ਸਾਜਿ ਨਿਵਾਜੇ, ਮੁਏ ਦੁਸਟ ਜੋ ਖਇਆ ॥੧॥ ਪਰਉਪਕਾਰੀ ਸਰਬ ਸਧਾਰੀ, ਸਫਲ ਦਰਸਨ ਸਹਜਇਆ ॥ ਕਹੁ ਨਾਨਕ ਨਿਰਗੁਣ ਕਉ ਦਾਤਾ, ਚਰਣ ਕਮਲ ਉਰ ਧਰਿਆ ॥੨॥੨੪॥ (ਜਦ ਮੈਂ) ਅਪਣੇ ਸਤਿਗੁਰੂ ਪਾਸ ਬੇਨਤੀ ਆਖੀ ਕੀਤੀ। ਤਾਂ) ਦੁਖ ਨਾਸ਼ ਕਰਨ ਵਾਲੇ ਦਇਆ ਦੇ ਘਰ (ਸਤਿਗੁਰੂ ਜੀ ਮੇਰੇ ਤੇ) ਕ੍ਰਿਪਾਲੂ ਹੋਏ, (ਜਿਸ ਕਰਕੇ) ਮੇਰਾ ਸਾਰਾ ਫਿਕਰ ਦੂਰ ਹੋ ਗਿਆ। ਰਹਾਉ। ਅਸੀਂ ਪਾਪੀ, ਪਖੰਡੀ (ਦਿਖਾਵਾ ਕਰਨ ਵਾਲੇ ਤੇ ਪਦਾਰਥਾਂ ਦੇ) ਲੋਭੀ ਜੀਵ ਹਾਂ, ਸਾਡਾ ਗੁਣ ਔਗਣ (ਸਤਿ ਗੁਰੂ ਨੇ) ਸਭ ਸਹਾਰਿਆ ਹੈ। ਮੱਥੇ ਤੇ ਹੱਥ ਰੱਖ ਕੇ ਸਾਨੂੰ ਗੁਣਵਾਨ ਬਣਾ ਕੇ ਨਿਵਾਜਿਆ (ਵਡਿਆਈ ਦਿਤੀ), ਜਿਹੜੇ (ਆਤਮਕ ਜੀਵਨ ਦਾ) ਘਾਤ ਕਰਨ ਵਾਲੇ (ਕਾਮਾਦਿਕ) ਦੁਸ਼ਟ ਸਨ, ਉਹ ਆਪ ਮਰ ਗਏ।੧। ਸਤਿਗੁਰੂ ਪਰਉਪਕਾਰੀ ਹਨ, ਸਭ ਨੂੰ ਆਸਰਾ ਦੇਣ ਵਾਲੇ ਹਨ, (ਉਸ ਦਾ) ਦਰਸ਼ਨ ਫਲ ਦੇਣ ਵਾਲਾ ਹੈ ਅਤੇ ਸਹਿਜ ਪਦ ਵਾਲੇ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ (ਉਹ) ਨਿਰਗੁਣ ਜੀਵਾਂ ਨੂੰ ਵੀ ਦਾਤਾਂ ਦੇਣ ਵਾਲਾ ਹੈ, (ਮੈਂ ਉਸ ਦੇ) ਚਰਨ ਕਮਲ ਹਿਰਦੇ ਵਿਚ ਟਿਕਾ ਲਏ ਹਨ।੨।੨੪।

ਪਦਾਰਥ = ਪਹਿ-ਪਾਸ। ਬਿਨਉ-ਬੇਨਤੀ। ਭਏ-ਹੋਏ। ਦੁਖ ਭੰਜਨ-ਦੁਖ ਨਾਸ਼ ਕਰਨ ਵਾਲਾ। ਸਗਲ-ਸਾਰਾ। ਅੰਦੇਸਰਾ-ਫਿਕਰ। ਰਹਾਉ। ਅਵਗੁਨੁ-ਦੋਸ਼; ਪਾਪ। ਸਹਿਆ-ਸਹਾਰਿਆ। ਕਰ-ਹੱਥ। ਮਸਤਕਿ-ਮੱਥੇ ਉਤੇ। ਧਾਰਿ-ਰੱਖ ਕੇ। ਸਾਜਿ ਨਿਵਾਜੇ-ਗੁਣਵਾਨ ਬਣਾ ਕੇ ਵਡਿਆਈ ਦਿਤੀ। ਮੁਏ-ਮਰ ਗਏ। ਜੋ-ਜਿਹੜੇ। ਦੁਸਟ-ਵੈਰੀ। ਖਇਆ-ਕਾਤਲ (ਮਾਰਨ ਵਾਲੇ)।੧। ਪਰ ਉਪਕਾਰੀ-ਦੂਜਿਆਂ ਦਾ ਭਲਾ ਕਰਨ ਵਾਲਾ। ਸਰਬ-ਸਭ ਨੂੰ। ਸਧਾਰੀ-ਆਸਰਾ ਦੇਣ ਵਾਲਾ; ਸੁਧਾਰ ਕਰਨ ਵਾਲਾ। ਸਹਜਇਆ-ਸਹਿਜ ਵਾਲਾ; ਸ਼ਾਂਤੀ ਦਾ ਪੁੰਜ। ਨਿਰਗੁਣ-ਗੁਣ ਹੀਣ। ਕਉ-ਨੂੰ। ਉਰ-ਹਿਰਦੇ ਵਿਚ। ਧਰਿਆ-ਟਿਕਾ ਲਏ।੨।੨੪।

ਦੇਵਗੰਧਾਰੀ ਮਹਲਾ ੫ ॥ ਅਨਾਥ ਨਾਥ ਪ੍ਰਭ ਹਮਾਰੇ ॥ ਸਰਨਿ ਆਇਓ ਰਾਖਨਹਾਰੇ ॥ਰਹਾਉ॥ ਸਰਬ ਪਾਖ ਰਾਖੁ ਮੁਰਾਰੇ ॥ ਆਗੈ ਪਾਛੈ ਅੰਤੀਵਾਰੇ ॥੧॥ ਜਬ ਚਿਤਵਉ ਤਬ ਤੁਹਾਰੇ ॥ ਉਨ ਸਮ੍ਹਾਰਿ ਮੇਰਾ ਮਨੁ ਸਧਾਰੇ ॥੨॥ ਸੁਨਿ ਗਾਵਉ ਗੁਰ ਬਚਨਾਰੇ ॥ ਬਲਿ ਬਲਿ ਜਾਉ ਸਾਧ ਦਰਸਾਰੇ ॥੩॥ ਮਨ ਮਹਿ ਰਾਖਉ ਏਕ ਅਸਾਰੇ ॥ ਨਾਨਕ ਪ੍ਰਭ ਮੇਰੇ ਕਰਨੈਹਾਰੇ ॥੪॥੨੫॥ ਹੇ ਅਨਾਥ ਜੀਵਾਂ ਦੇ ਸਾਡੇ ਮਾਲਕ ਪ੍ਰਭੂ!। ਹੇ ਰਖਿਆ ਕਰਨ ਵਾਲੇ! (ਅਸੀਂ ਆਪ ਜੀ ਦੀ) ਸ਼ਰਣ ਵਿਚ ਆਏ ਹਾਂ। ਰਹਾਉ। ਹੇ ਮੁਰਾਰੀ! ਅੱਗੇ ਪਿੱਛੇ (ਲੋਕ ਪ੍ਰਲੋਕ ਵਿਚ) ਅਤੇ ਅੰਤ ਸਮੇਂ ਸਾਰੇ ਪੱਖਾਂ ਤੋਂ (ਹਰ ਪਾਸਿਓਂ ਸਾਡੀ) ਰੱਖਿਆ ਕਰ।੧। (ਹੇ ਪ੍ਰਭੂ) ਜਦ ਮੈਂ ਯਾਦ ਕਰਦਾ ਹਾਂ ਤਦ ਤੇਰੇ ਗੁਣ ਹੀ ਯਾਦ ਕਰਦਾ ਹਾਂ। ਉਨ੍ਹਾਂ (ਗੁਣਾਂ) ਨੂੰ ਯਾਦ ਕਰ ਕੇ ਮੇਰਾ ਮਨ ਆਸਰੇ ਸਹਿਤ ਹੋ ਜਾਂਦਾ ਹੈ।੨। ਗੁਰੂ ਦੇ ਬਚਨ ਸੁਣ ਕੇ (ਹੇ ਪ੍ਰਭੂ! ਮੈਂ ਤੇਰੇ ਗੁਣ) ਗਾਉਂਦਾ ਹਾਂ। ਮੈਂ ਸਾਧੂ (ਗੁਰੂ) ਦੇ ਦਰਸ਼ਨਾਂ ਤੋਂ ਬਲਿਹਾਰ ਜਾਂਦਾ ਹਾਂ।੩। ਨਾਨਕ ਗੁਰੂ ਜੀ ਆਖਦੇ ਹਨ ਕਿ ਹੇ ਮੇਰੇ ਕਰਨਹਾਰ ਪ੍ਰਭੂ! ਮੈ ਮਨ ਵਿਚ ਇਕ ਤੇਰਾ ਹੀ ਆਸਰਾ ਰਖਦਾ ਹਾਂ।੨।੨੫।

ਪਦਾਰਥ = ਅਨਾਥ ਨਾਥ-ਅਨਾਥਾਂ ਦਾ ਮਾਲਕ। ਰਾਖਨਹਾਰੇ-ਹੇ ਰੱਖਿਆ ਕਰਨ ਵਾਲੇ!। ਸਰਬ ਪਾਖ-ਸਾਰੇ ਪੱਖ (ਸਭ ਪਾਸਿਓਂ)। ਰਹਾਉ। ਮੁਰਾਰੇ-ਹੇ ਪ੍ਰਭੂ!। ਆਗੈ-ਅੱਗੇ ਪ੍ਰਲੋਕ ਵਿਚ। ਪਾਛੈ-ਪਿੱਛੇ ਇਸ ਲੋਕ ਵਿਚ। ਅੰਤੀਵਾਰੇ-ਅੰਤ ਸਮੇਂ।੧। ਜਬ-ਜਦ। ਚਿਤਵਉ-ਮੈਂ ਯਾਦ ਕਰਦਾ ਹਾਂ। ਤਬ-ਤਦ। ਤੁਹਾਰੇ-ਤੇਰੇ। ਉਨ-ਉਨ੍ਹਾਂ ਨੂੰ। ਸਮ੍ਹਾਰਿ-ਯਾਦ ਕਰਕੇ। ਸਧਾਰੇ-ਆਸਰੇ ਸਹਿਤ।੨। ਸੁਨਿ-ਸੁਣ ਕੇ। ਬਚਨਾਰੇ-ਬਚਨ (ਬਾਣੀ)। ਬਲਿ-ਸਦਕੇ। ਜਾਉ-ਜਾਂਦਾ ਹਾਂ। ਦਰਸਾਰੇ-ਦਰਸ਼ਨਾਂ ਤੋਂ।੩। ਰਾਖਉ-ਮੈਂ ਰਖਦਾ ਹਾਂ। ਅਸਾਰੇ-ਆਸਰਾ; ਆਸ। ਕਰਨੈਹਾਰੇ-ਹੇ (ਸਭ ਕੁਛ) ਕਰਨ ਵਾਲੇ ਕਰਤਾਰ!।੨।੨੫।

ਦੇਵਗੰਧਾਰੀ ਮਹਲਾ ੫ ॥ ਪ੍ਰਭ ਇਹੈ ਮਨੋਰਥੁ ਮੇਰਾ ॥ ਕ੍ਰਿਪਾ ਨਿਧਾਨ ਦਇਆਲ ਮੋਹਿ ਦੀਜੈ, ਕਰਿ ਸੰਤਨ ਕਾ ਚੇਰਾ ॥ਰਹਾਉ॥ ਪ੍ਰਾਤਹ ਕਾਲ ਲਾਗਉ ਜਨ ਚਰਨੀ, ਨਿਸ ਬਾਸੁਰ ਦਰਸੁ ਪਾਵਉ ॥ ਤਨੁ ਮਨੁ ਅਰਪਿ ਕਰਉ ਜਨ ਸੇਵਾ, ਰਸਨਾ ਹਰਿ ਗੁਨ ਗਾਵਉ ॥੧॥ ਸਾਸਿ ਸਾਸਿ ਸਿਮਰਉ ਪ੍ਰਭੁ ਅਪੁਨਾ, ਸੰਤ ਸੰਗਿ ਨਿਤ ਰਹੀਐ ॥ ਏਕੁ ਅਧਾਰੁ ਨਾਮੁ ਧਨੁ ਮੋਰਾ, ਅਨਦੁ ਨਾਨਕ ਇਹੁ ਲਹੀਐ ॥੨॥੨੬॥ ਹੇ ਕ੍ਰਿਪਾ ਦੇ ਖਜਾਨੇ! ਹੇ ਦਿਆਲ ਪ੍ਰਭੂ! ਮੇਰੇ ਮਨ ਦਾ ਇਹ ਸੰਕਲਪ ਹੈ ਕਿ ਮੈਨੂੰ ਸੰਤਾਂ ਦਾ ਦਾਸ ਬਣਾ ਦਿਓ। ਰਹਾਉ।

ਸਵੇਰ ਵੇਲੇ ਹੀ ਉਠ ਕੇ ਸੰਤ ਜਨਾਂ ਦੇ ਚਰਨੀਂ ਜਾ ਲੱਗਾਂ ਅਤੇ ਦਿਨ ਰਾਤ (ਉਨ੍ਹਾਂ ਦਾ) ਦਰਸ਼ਨ ਪ੍ਰਾਪਤ ਕਰਦਾ ਰਹਾਂ।(ਮੈਂ ਅਪਣਾ) ਤਨ ਤੇ ਮਨ ਭੇਟਾ ਕਰਕੇ ਸੰਤ ਜਨਾਂ ਦੀ ਸੇਵਾ ਕਰਾਂ ਅਤੇ ਰਸਨਾ ਨਾਲ ਹਰੀ ਦੇ ਗੁਣ ਗਾਉਂਦਾ ਰਹਾਂ।੧।ਸੁਆਸ ਸੁਆਸ ਅਪਣੇ ਪ੍ਰਭੂ ਨੂੰ ਸਿਮਰਦਾ ਰਹਾਂ ਅਤੇ ਸੰਤਾਂ ਦੀ ਸੰਗਤ ਵਿਚ ਨਿਤ ਟਿਕਿਆ ਰਹਾਂ।ਨਾਨਕ ਗੁਰੂ ਜੀ ਆਖਦੇ ਹਨ ਕਿ ਇਕੋ ਨਾਮ ਰੂਪ ਧਨ ਮੇਰਾ ਆਸਰਾ ਹੋਵੇ, ਮੈਂ ਇਹੋ ਅਨੰਦ ਲੈਂਦਾ (ਮਾਣਦਾ) ਰਹਾਂ।੨।੨੬।

ਪਦਾਰਥ = ਮਨੋਰਥੁ-ਮਨ ਦੀ ਇੱਛਾ।ਕ੍ਰਿਪਾ ਨਿਧਾਨ-ਹੇ ਕ੍ਰਿਪਾ ਦੇ ਖਜਾਨੇ!।ਮੋਹਿ-ਮੈਨੂੰ।ਦੀਜੈ ਕਰਿ-ਬਣਾ ਦਿਓ।ਚੇਰਾ-ਦਾਸ।ਰਹਾਉ।ਪ੍ਰਾਤਹ ਕਾਲ-ਸਵੇਰ ਵੇਲੇ।ਲਾਗਉ-ਮੈਂ ਜਾ ਲਗਾਂ।ਜਨ-ਸੰਤ ਜਨਾਂ ਦੇ।ਨਿਸ ਬਾਸੁਰ-ਰਾਤ ਦਿਨ।ਦਰਸੁ ਪਾਵਉ-ਦਰਸ਼ਨ ਪ੍ਰਾਪਤ ਕਰਾਂ।ਅਰਪਿ-ਭੇਟਾ ਕਰਕੇ।ਰਸਨਾ-ਜੀਭ ਨਾਲ।੧।ਸਾਸਿ ਸਾਸਿ-ਸੁਆਸ ਸੁਆਸ।ਨਿਤ-ਹਰ ਰੋਜ।ਅਧਾਰੁ-ਆਸਰਾ।ਮੋਰਾ-ਮੇਰਾ।ਲਹੀਐ-ਲੈਂਦਾ ਰਹਾਂ।੨।੨੬।

ਰਾਗੁ ਦੇਵਗੰਧਾਰੀ ਮਹਲਾ ੫ ਘਰੁ ੩ ੧ੴ ਸਤਿਗੁਰ ਪ੍ਰਸਾਦਿ ॥ ਮੀਤਾ ਐਸੇ ਹਰਿ ਜੀਉ ਪਾਏ ॥ ਛੋਡਿ ਨ ਜਾਈ ਸਦ ਹੀ ਸੰਗੇ ,ਅਨਦਿਨੁ ਗੁਰ ਮਿਲਿ ਗਾਏ ॥੧॥ਰਹਾਉ॥ ਮਿਲਿਓ ਮਨੋਹਰੁ ਸਰਬ ਸੁਖੈਨਾ, ਤਿਆਗਿ ਨ ਕਤਹੂ ਜਾਏ ॥ ਅਨਿਕ ਅਨਿਕ ਭਾਤਿ ਬਹੁ ਪੇਖੇ, ਪ੍ਰਿਅ ਰੋਮ ਨ ਸਮਸਰਿ ਲਾਏ ॥੧॥ ਮੰਦਰਿ ਭਾਗੁ ਸੋਭ ਦੁਆਰੈ, ਅਨਹਤ ਰੁਣੁ ਝੁਣੁ ਲਾਏ ॥ ਕਹੁ ਨਾਨਕ ਸਦਾ ਰੰਗੁ ਮਾਣੇ, ਗ੍ਰਿਹ ਪ੍ਰਿਅ ਥੀਤੇ ਸਦ ਥਾਏ ॥੨॥੧॥੨੭॥ ਹੇ ਮਿਤ੍ਰ! ਮੈਂ ਅਜੇਹੇ ਹਰੀ ਜੀ ਪਾਏ ਹਨ।(ਜੋ ਮਿਲ ਕੇ ਫਿਰ) ਛਡ ਕੇ ਨਹੀਂ ਜਾਂਦੇ, ਸਦਾ ਨਾਲ ਰਹਿੰਦੇ ਹਨ, ਮੈਂ ਗੁਰੂ ਨੂੰ ਮਿਲ ਕੇ ਹਰ ਰੋਜ (ਹਰੀ ਦੇ) ਗੁਣ ਗਾਏ ਹਨ।੧।ਰਹਾਉ।(ਹੇ ਮਿਤ੍ਰ!) ਮਨ ਨੂੰ ਮੋਹ ਲੈਣ ਵਾਲਾ ਸਾਰੇ ਸੁੱਖਾਂ ਦਾ ਘਰ ਪ੍ਰਭੂ (ਜੋ ਮੈਨੂੰ) ਮਿਲਿਆ ਹੈ, (ਉਹ ਮੈਨੂੰ) ਛਡ ਕੇ ਕਿਤੇ ਨਹੀਂ ਜਾਂਦਾ।ਮੈਂ ਅਨੇਕਾਂ ਤਰ੍ਹਾਂ ਦੇ (ਲੋਕ ਤੇ) ਅਨੇਕਾਂ ਤਰ੍ਹਾਂ ਦੇ ਬਹੁਤ ਪਦਾਰਥ ਦੇਖੇ ਹਨ, ਪਰ ਪਿਆਰੇ ਪ੍ਰਭੂ ਦੇ ਇਕ ਰੋਮ ਦੇ ਬਰਾਬਰ ਨਹੀਂ ਲਗ ਸਕਦੇ।੧।(ਜਿਸ ਮਨੁੱਖ ਦੇ ਮਨ) ਮੰਦਰ ਵਿਚ ਭਾਗ ਲਗ ਗਿਆ ਹੈ, (ਉਸ ਨੂੰ ਪ੍ਰਭੂ ਦੇ) ਦਰ ਤੇ ਸੋਭਾ ਮਿਲਦੀ ਹੈ, ਜਿਥੇ ਮਿੱਠੀ ਤੇ ਧੀਮੀ ਧੁਨੀ ਦਾ ਇਕ ਰਸ ਕੀਰਤਨ ਹੋ ਰਿਹਾ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ (ਉਹ ਮਨੁੱਖ) ਸਦਾ ਅਨੰਦ ਮਾਣਦੇ ਹਨ (ਕਿਉਂਕਿ ਉਨ੍ਹਾਂ ਦੇ) ਹਿਰਦੇ ਅਸਥਾਨ ਵਿਚ ਪਿਆਰਾ ਪਤੀ ਪ੍ਰਭੂ ਸਦਾ ਲਈ ਟਿਕ ਗਿਆ ਹੈ।੨।੨੭।

ਅੰਕ ੨ = ਮੇਰੇ ਮਨ ਮੰਦਰ ਵਿਚ ਭਾਗ ਲਗ ਗਿਆ ਹੈ, ਪ੍ਰਭੂ ਦੇ ਦਰ ਤੇ (ਸਤਸੰਗਤ ਵਿਚ) ਸੋਭਾ ਹੋ ਰਹੀ ਹੈ, (ਜਿਥੇ ਸੰਤਾਂ ਨੇ) ਕੀਰਤਨ ਦੀ ਲਗਾਤਾਰ ਮਿੱਠੀ ਮਿੱਠੀ ਧੁਨੀ ਲਾਈ ਹੋਈ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ ਅਸੀਂ ਸਦਾ ਅਨੰਦ ਮਾਣਦੇ ਹਾਂ, (ਕਿਉਂਕਿ ਸਾਨੂੰ) ਪਿਆਰੇ ਪ੍ਰਭੂ ਦੇ ਘਰ ਵਿਚ ਟਿਕਾਣਾ ਮਿਲ ਗਿਆ ਹੈ, (ਜਿਥੇ ਅਸੀਂ) ਸਦਾ ਲਈ ਜਾ ਬਿਰਾਜੇ ਹਾਂ।

ਪਦਾਰਥ = ਮੀਤਾ-ਹੇ ਮਿਤ੍ਰ!।ਪਾਏ-ਪਾ ਲਏ ਹਨ।ਸਦ-ਸਦਾ।ਸੰਗੇ-ਨਾਲ।ਅਨਦਿਨੁ-ਹਰ ਰੋਜ।੧।ਰਹਾਉ।ਮਨੋਹਰੁ-ਮਨ ਨੂੰ ਮੋਹ ਲੈਣ ਵਾਲਾ।ਸਰਬ ਸੁਖੈਨਾ-ਸਾਰੇ ਸੁੱਖਾਂ ਦਾ ਘਰ।ਕਤਹੂ-ਕਿਤੇ ਵੀ।ਪੇਖੇ-ਦੇਖੇ ਹਨ।ਪ੍ਰਿਅ-ਪਿਆਰੇ ਦੇ।ਰੋਮ-ਵਾਲ।ਸਮਸਰਿ -ਬਰਾਬਰ।੧।ਮੰਦਰਿ-ਮਨ ਮੰਦਰ ਵਿਚ।ਸੋਭ-ਸੋਭਾ।ਦੁਆਰੈ-ਰੱਬ ਦੇ ਦਰ ਤੇ।ਅਨਹਤ-ਇਕ ਰਸ; ਲਗਾਤਾਰ।ਰੁਣੁ ਝੁਣੁ-ਮਿਠੀ ਤੇ ਧੀਮੀ ਧੁਨੀ।ਰੰਗੁ-ਅਨੰਦ।ਗ੍ਰਿਹ ਥਾਏ-ਹਿਰਦੇ ਘਰ ਵਿਚ।ਪ੍ਰਿਅ ਥੀਤੇ-ਪਿਆਰੇ ਪ੍ਰਭੂ ਜੀ ਟਿਕ ਗਏ।੨।੨੭।

ਦੇਵਗੰਧਾਰੀ ੫ ॥ ਦਰਸਨ ਨਾਮ ਕਉ ਮਨੁ ਆਛੈ ॥ ਭ੍ਰਮਿ ਆਇਓ ਹੈ ਸਗਲ ਥਾਨ ਰੇ, ਆਹਿ ਪਰਿਓ ਸੰਤ ਪਾਛੈ ॥੧॥ਰਹਾਉ॥ ਕਿਸੁ ਹਉ ਸੇਵੀ ਕਿਸੁ ਆਰਾਧੀ, ਜੋ ਦਿਸਟੈ ਸੋ ਗਾਛੈ ॥ ਸਾਧ ਸੰਗਤਿ ਕੀ ਸਰਨੀ ਪਰੀਐ, ਚਰਣ ਰੇਨੁ ਮਨੁ ਬਾਛੈ ॥੧॥ (ਹੇ ਭਾਈ ! ਮੇਰਾ) ਮਨ ਪ੍ਰਭੂ ਦਾ ਨਾਮ ਜਪਣਾ ਤੇ (ਪ੍ਰਭੂ ਦੇ) ਦਰਸ਼ਨ ਕਰਨਾ ਚਾਹੁੰਦਾ ਹੈਂ।ਹੇ ਭਾਈ! ਮੈਂ ਸਾਰੀਆਂ ਥਾਵਾਂ ਤੇ ਘੁੰਮ ਫਿਰ ਆਇਆ ਹਾਂ, (ਕਿਤੋਂ ਵੀ ਪ੍ਰਾਪਤ ਨਹੀਂ ਹੋਇਆ, ਹੁਣ ਮੈਂ) ਇੱਛਾ ਕਰਕੇ ਸੰਤਾਂ ਦੇ ਪਿਛੇ (ਸ਼ਰਣ ਵਿਚ) ਪਿਆ ਹਾਂ।੧।ਰਹਾਉ।ਮੈਂ ਕਿਸ ਦੀ ਸੇਵਾ ਕਰਾਂ, ਕਿਸ ਦਾ ਸਿਮਰਨ ਕਰਾਂ? (ਕਿਉਂਕਿ ਜਗਤ ਵਿਚ) ਜੋ ਕੁਛ ਦਿਸਦਾ ਹੈ, ਉਹ ਚਲੇ ਜਾਂਦਾ (ਨਾਸ਼ਵੰਤ) ਹੈ। (ਇਸ ਲਈ) ਸਾਧ ਸੰਗਤ ਦੀ ਸ਼ਰਨ ਵਿਚ ਪੈਣਾ ਚਾਹੀਦਾ ਹੈ, (ਮੇਰਾ) ਮਨ ਸੰਤਾਂ ਦੀ ਚਰਨ ਧੂੜੀ ਮੰਗਦਾ ਹੈ।੧।

ਅੰਗ ੫੩੪ = ਜੁਗਤਿ ਨ ਜਾਨਾ ਗੁਨੁ ਨਹੀ ਕੋਈ, ਮਹਾ ਦੁਤਰੁ ਮਾਇ ਆਛੈ ॥ ਆਇ ਪਇਓ ਨਾਨਕ ਗੁਰ ਚਰਨੀ, ਤਉ ਉਤਰੀ ਸਗਲ ਦੁਰਾਛੈ ॥੨॥੨॥੨੮॥ ਮਾਇਆ ਇਕ ਸਮੁੰਦਰ ਵਾਂਗ ਹੈ, (ਜਿਸ ਨੂੰ) ਤਰਨਾ ਬਹੁਤ ਔਖਾ ਹੈ, (ਇਸ ਤੋਂ ਤਰਨ ਲਈ ਮੈਂ ਕੋਈ) ਜੁਗਤੀ ਨਹੀਂ ਜਾਣਦਾ ਅਤੇ ਨਾ ਮੇਰੇ ਵਿਚ ਕੋਈ ਗੁਣ ਹੈ।ਨਾਨਕ (ਜਦ) ਗੁਰੂ ਦੇ ਚਰਨੀਂ ਆ ਪਿਆ, ਤਦ ਮੇਰੀ ਸਾਰੀ ਬੁਰੀ ਇੱਛਾ ਉਤਰ (ਦੂਰ ਹੋ) ਗਈ (ਨਾਮ ਜਪ ਕੇ ਮਾਇਆ ਦੇ ਸਮੁੰਦਰ ਨੂੰ ਤਰ ਗਿਆ ਹਾਂ)।੨।੨।੨੮।

ਪਦਾਰਥ = ਕਉ-ਨੂੰ।ਆਛੈ-ਚਾਹੁੰਦਾ ਹੈ।ਭ੍ਰਮਿ ਆਇਓ-ਘੁੰਮ ਫਿਰ ਆਇਆ ਹਾਂ।ਸਗਲ ਥਾਨ-ਸਾਰੀਆਂ ਥਾਵਾਂ ਤੇ।ਰੇ-ਹੇ ਭਾਈ

।।ਆਹਿ–ਇੱਛਾ ਕਰਕੇ।ਪਰਿਓ–ਆ ਪਿਆ ਹਾਂ।ਸੰਤ ਪਾਛੈ–ਸੰਤਾਂ ਦੇ ਪਿੱਛੇ (ਸ਼ਰਨ ਵਿਚ)।੧।ਰਹਾਉ।ਹਉ–ਮੈਂ।ਸੇਵੀ–ਸੇਵਾ ਕਰਾਂ।ਆਰਾਧੀ–ਅਰਾਧਨਾ ਕਰਾਂ।ਦਿਸਟੈ–ਦਿਸਦਾ ਹੈ।ਸੋ–ਉਹ।ਗਾਛੈ–ਚਲੇ ਜਾਂਦਾ (ਨਾਸ਼ਵੰਤ) ਹੈ।ਪਰੀਐ–ਪੈ ਜਾਈਏ; ਪੈਣਾ ਚਾਹੀਦਾ ਹੈ।ਚਰਣ ਰੇਨੁ–ਚਰਨ ਧੂੜੀ।ਬਾਛੈ–ਮੰਗਦਾ ਹੈ।੧।ਜੁਗਤਿ–ਤਰੀਕਾ।ਨ ਜਾਨਾ–ਨਹੀਂ ਜਾਣਦਾ।ਗੁਨੁ–ਗੁਣ।ਮਹਾ ਦੁਤਰੁ–ਤਰਨਾ ਬਹੁਤ ਔਖਾ ਹੈ।ਮਾਇ–ਮਾਇਆ।ਆਛੈ–ਹੈ।ਤਉ–ਤਦ।ਦੁਰਾਛੈ–ਮੰਦ ਵਾਸ਼ਨਾ।੨।੨।੨੮।

ਦੇਵਗੰਧਾਰੀ ੫ ॥ ਅੰਮ੍ਰਿਤਾ ਪ੍ਰਿਅ ਬਚਨ ਤੁਹਾਰੇ ॥ ਅਤਿ ਸੁੰਦਰ ਮਨਮੋਹਨ ਪਿਆਰੇ, ਸਭ ਹੂ ਮਧਿ ਨਿਰਾਰੇ ॥੧॥ਰਹਾਉ॥ ਰਾਜੁ ਨ ਚਾਹਉ ਮੁਕਤਿ ਨ ਚਾਹਉ ,ਮਨਿ ਪ੍ਰੀਤਿ ਚਰਨ ਕਮਲਾਰੇ ॥ ਬ੍ਰਹਮ ਮਹੇਸ ਸਿਧ ਮੁਨਿ ਇੰਦ੍ਰਾ ,ਮੋਹਿ ਠਾਕੁਰ ਹੀ ਦਰਸਾਰੇ ॥੧॥ ਦੀਨੁ ਦੁਆਰੈ ਆਇਓ ਠਾਕੁਰ, ਸਰਨਿ ਪਰਿਓ ਸੰਤ ਹਾਰੇ ॥ ਕਹੁ ਨਾਨਕ ਪ੍ਰਭ ਮਿਲੇ ਮਨੋਹਰ, ਮਨੁ ਸੀਤਲ ਬਿਗਸਾਰੇ ॥੨॥੩॥੨੯ ॥ ਹੇ ਪਿਆਰੇ ਪ੍ਰਭੂ ! ਤੁਹਾਡੇ ਬਚਨ ਅੰਮ੍ਰਿਤ ਰੂਪ ਹਨ।ਹੇ ਮਨ ਨੂੰ ਮੋਹ ਲੈਣ ਵਾਲੇ ਪ੍ਰਭੂ ! (ਆਪ ਜੀ) ਬਹੁਤ ਸੁੰਦਰ ਹੋ, ਪਿਆਰੇ ਹੋ ਅਤੇ ਸਭ ਜੀਵਾਂ ਦੇ ਵਿਚ ਵੀ (ਵਸਦੇ ਹੋ ਤੇ ਸਭ ਤੋਂ) ਵੱਖਰੇ ਵੀ ਹੋ।੧।ਰਹਾਉ।(ਹੇ ਪ੍ਰਭੂ !) ਮੈਂ ਨਾ ਰਾਜ ਚਾਹੁੰਦਾ ਹਾਂ ਤੇ ਨਾ ਮੁਕਤੀ ਚਾਹੁੰਦਾ ਹਾਂ, ਮੈਂ ਮਨ ਵਿਚ ਆਪ ਜੀ ਦੇ ਚਰਨ ਕਮਲਾਂ ਦੀ ਪ੍ਰੀਤੀ ਚਾਹੁੰਦਾ ਹਾਂ।(ਆਮ ਲੋਕ) ਬ੍ਰਹਮਾ, ਮਹੇਸ਼, ਸਿੱਧ, ਮੁਨੀ ਤੇ ਇੰਦ੍ਰ ਦਾ ਦਰਸ਼ਨ ਚਾਹੁੰਦੇ ਹਨ, (ਪਰ) ਮੈਂ ਆਪ ਜੀ ਦੇ ਦਰਸ਼ਨ ਚਾਹੁੰਦਾ ਹਾਂ।੧।ਹੇ ਮਾਲਕ ਪ੍ਰਭੂ ! ਮੈਂ ਗਰੀਬ ਤੇਰੇ ਦਰ ਤੇ ਆਇਆ ਹਾਂ, ਹਾਰ ਕੇ ਸੰਤਾਂ ਦੀ ਸ਼ਰਨ ਵਿਚ ਆ ਪਿਆ ਹਾਂ।ਨਾਨਕ ਗੁਰੂ ਜੀ ਆਖਦੇ ਹਨ ਕਿ ਮਨ ਨੂੰ ਮੋਹ ਲੈਣ ਵਾਲੇ ਪ੍ਰਭੂ (ਜਦ ਮੈਨੂੰ) ਮਿਲ ਪਏ, (ਤਦ ਮੇਰਾ) ਮਨ ਸ਼ਾਂਤ ਹੋ ਗਿਆ ਹੈ ਤੇ ਖਿੜ ਗਿਆ ਹੈ।੨।੩।੨੯।

ਪਦਾਰਥ = ਅੰਮ੍ਰਿਤਾ–ਅਮਰ ਕਰ ਦੇਣ ਵਾਲੇ।ਪ੍ਰਿਅ–ਹੇ ਪਿਆਰੇ ਪ੍ਰਭੂ !।ਤੁਹਾਰੇ–ਤੁਹਾਡੇ।ਅਤਿ–ਬਹੁਤ।ਮਨਮੋਹਨ–ਹੇ ਮਨ ਨੂੰ ਮੋਹ ਲੈਣ ਵਾਲੇ !।ਸਭ ਹੂ ਮਧਿ–ਸਭ ਦੇ ਵਿਚ।ਨਿਰਾਰੇ–ਵੱਖ; ਨਿਰਲੇਪ।੧।ਰਹਾਉ।ਨ ਚਾਹਉ–ਨਹੀਂ ਚਾਹੁੰਦਾ।ਮਨਿ–ਮਨ ਵਿਚ। ਕਮਲਾਰੇ–ਕਮਲ।ਮਹੇਸ–ਸ਼ਿਵ ਜੀ।ਸਿਧ–ਕਰਾਮਾਤੀ ਜੋਗੀ।ਮੁਨਿ–ਰਿਸ਼ੀ ਮੁਨੀ।ਮੋਹਿ–ਮੈਨੂੰ।੧।ਦੀਨੁ–ਗਰੀਬ।ਦੁਆਰੈ–ਦਰ ਤੇ ।ਪਰਿਓ–ਪਿਆ ਹਾਂ।ਹਾਰੇ–ਹਾਰ (ਥੱਕ ਟੁੱਟ) ਕੇ।ਮਨੋਹਰ–ਮਨ ਨੂੰ ਮੋਹ ਲੈਣ ਵਾਲਾ।ਬਿਗਸਾਰੇ–ਖਿੜ ਗਿਆ।੨।੩।੨੯।

ਦੇਵਗੰਧਾਰੀ ਮਹਲਾ ੫ ॥ ਹਰਿ ਜਪਿ ਸੇਵਕੁ ਪਾਰਿ ਉਤਾਰਿਓ ॥ ਦੀਨ ਦਇਆਲ ਭਏ ਪ੍ਰਭ ਅਪਨੇ, ਬਹੁੜਿ ਜਨਮਿ ਨਹੀ ਮਾਰਿਓ ॥੧॥ਰਹਾਉ॥ ਸਾਧ ਸੰਗਮਿ ਗੁਣ ਗਾਵਹ ਹਰਿ ਕੇ, ਰਤਨ ਜਨਮੁ ਨਹੀ ਹਾਰਿਓ ॥ ਪ੍ਰਭ ਗੁਨ ਗਾਇ ਬਿਖੈ ਬਨੁ ਤਰਿਆ, ਕੁਲਹ ਸਮੂਹ ਉਧਾਰਿਓ ॥੧॥ ਚਰਨ ਕਮਲ ਬਸਿਆ ਰਿਦ ਭੀਤਰਿ, ਸਾਸਿ ਗਿਰਾਸਿ ਉਚਾਰਿਓ ॥ ਨਾਨਕ ਓਟ ਗਹੀ ਜਗਦੀਸੁਰ, ਪੁਨਹ ਪੁਨਹ ਬਲਿਹਾਰਿਓ ॥੨॥੪॥੩੦॥ (ਹੇ ਭਾਈ !) ਹਰੀ ਦਾ ਨਾਮ ਜਪਣ ਕਰਕੇ ਸੇਵਕ ਨੂੰ (ਹਰੀ ਨੇ ਭਵਜਲ ਤੋਂ) ਪਾਰ ਲੰਘਾ ਦਿਤਾ ਹੈ।(ਜਿਨ੍ਹਾਂ) ਗਰੀਬਾਂ ਉਤੇ ਅਪਣੇ ਪ੍ਰਭੂ ਦਿਆਲ ਹੋਏ ਹਨ, (ਉਨ੍ਹਾਂ ਨੂੰ) ਮੁੜ ਦੁਬਾਰਾ ਜਨਮ ਵਿਚ ਪਾ ਕੇ ਮਾਰਿਆ ਨਹੀਂ ਜਾਂਦਾ (ਅਮਰ ਹੋ ਜਾਂਦੇ ਹਨ)।੧।ਰਹਾਉ।(ਜਿਹੜੇ ਪੁਰਖ) ਸਾਧ ਸੰਗਤ ਵਿਚ ਬੈਠ ਕੇ ਹਰੀ ਦੇ ਗੁਣ ਗਾਉਂਦੇ ਹਨ, (ਉਨ੍ਹਾਂ ਨੇ ਅਪਣਾ) ਰਤਨਾਂ ਵਰਗਾ ਅਮੋਲਕ ਜਨਮ ਨਹੀਂ ਹਾਰਿਆ (ਨਿਸਫਲ ਨਹੀਂ ਗੁਆਇਆ।ਉਨ੍ਹਾਂ ਨੇ) ਪ੍ਰਭੂ ਦੇ ਗੁਣ ਗਾ ਕੇ ਵਿਸ਼ਿਆਂ ਦੇ (ਪਾਣੀ ਨਾਲ ਭਰੇ) ਸਮੁੰਦਰ ਨੂੰ ਤਰ ਲਿਆ ਹੈ ਅਤੇ (ਅਪਣੀਆਂ) ਸਾਰੀਆਂ ਕੁਲਾਂ ਨੂੰ (ਭਵਜਲ ਵਿਚ ਡੁਬਣ ਤੋਂ) ਬਚਾ ਲਿਆ ਹੈ।੧।(ਅਜੇਹੇ ਪੁਰਖਾਂ ਦੇ) ਹਿਰਦੇ ਵਿਚ ਪ੍ਰਭੂ ਦੇ ਚਰਨ ਕਮਲਾਂ ਦਾ ਪਿਆਰ ਵਸਿਆ ਹੋਇਆ ਹੈ ਅਤੇ (ਉਨ੍ਹਾਂ ਨੇ ਹਰੇਕ) ਸਾਹ ਲੈਂਦਿਆਂ ਤੇ ਭੋਜਨ ਖਾਂਦਿਆ (ਹਰੀ ਦਾ ਨਾਮ) ਉਚਾਰਿਆ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ (ਜਿਨ੍ਹਾਂ ਪੁਰਖਾਂ ਨੇ) ਜਗਤ ਦੇ ਮਾਲਕ ਪ੍ਰਭੂ ਦੀ ਓਟ ਪਕੜੀ ਹੈ, (ਮੈਂ ਉਨ੍ਹਾਂ ਤੋਂ) ਬਾਰ ਬਾਰ ਬਲਿਹਾਰ ਜਾਂਦਾ ਹਾਂ।੨।੪।੩੦।

ਪਦਾਰਥ = ਜਪਿ–ਜਪਣ ਕਰਕੇ।ਪਾਰਿ ਉਤਾਰਿਓ–ਪਾਰ ਲੰਘਾ ਦਿਤਾ।ਦੀਨ–ਗਰੀਬ; ਅਨਾਥ।ਭਏ–ਹੋਏ।ਬਹੁੜਿ–ਮੁੜ ਕੇ। ੧।ਰਹਾਉ।ਸਾਧ ਸੰਗਮਿ–ਸਾਧੂਆਂ ਦੇ ਮੇਲ (ਸਾਧ ਸੰਗਤ) ਵਿਚ।ਰਤਨ–ਰਤਨਾਂ ਵਰਗਾ ਅਮੋਲਕ।ਬਿਖੈ–ਵਿਸ਼ਿਆਂ ਦਾ।ਬਨੁ–ਸਮੁੰਦਰ (ਮ.ਕੋ.)।ਕੁਲਹ–ਕੁਲਾਂ ਨੂੰ।ਉਧਾਰਿਓ–ਬਚਾ ਲਿਆ; ਤਾਰ ਲਿਆ।੧।ਰਿਦ ਭੀਤਰਿ–ਹਿਰਦੇ ਵਿਚ।ਸਾਸਿ ਗਿਰਾਸਿ–ਸਾਹ ਲੈਂਦਿਆਂ ਤੇ ਭੋਜਨ ਖਾਂਦਿਆਂ।ਗਹੀ–ਪਕੜੀ।ਜਗਦੀਸੁਰ–ਜਗਤ ਦਾ ਮਾਲਕ।ਪੁਨਹ ਪੁਨਹ–ਬਾਰ ਬਾਰ।੨।੪।੩੦।

ਰਾਗੁ ਦੇਵਗੰਧਾਰੀ ਮਹਲਾ ੫ ਘਰੁ ੪ ੴ ਸਤਿਗੁਰ ਪ੍ਰਸਾਦਿ ॥ ਕਰਤ ਫਿਰੇ ਬਨ ਭੇਖ, ਮੋਹਨ ਰਹਤ ਨਿਰਾਰ ॥੧॥ਰਹਾਉ॥ ਕਥਨ ਸੁਨਾਵਨ ਗੀਤ ਨੀਕੇ ਗਾਵਨ, ਮਨ ਮਹਿ ਧਰਤੇ ਗਾਰ ॥੧॥ ਅਤਿ ਸੁੰਦਰ ਬਹੁ ਚਤੁਰ ਸਿਆਨੇ, ਬਿਦਿਆ ਰਸਨਾ ਚਾਰ ॥੨॥ ਮਾਨ ਮੋਹ ਮੇਰ ਤੇਰ ਬਿਬਰਜਿਤ, ਏਹੁ ਮਾਰਗੁ ਖੰਡੇ ਧਾਰ ॥੩॥ ਕਹੁ ਨਾਨਕ ਤਿਨਿ ਭਵਜਲੁ ਤਰੀਅਲੇ, ਪ੍ਰਭ ਕਿਰਪਾ ਸੰਤ ਸੰਗਾਰ ॥੪॥੧॥੩੧॥ (ਜਿਹੜੇ ਮਨੁੱਖ ਸਾਧੂਆਂ ਵਾਲਾ) ਭੇਖ ਧਾਰਨ ਕਰਦੇ ਤੇ ਜੰਗਲਾਂ ਵਿਚ ਫਿਰਦੇ ਹਨ, (ਸਭ ਨੂੰ) ਮੋਹ ਲੈਣ ਵਾਲਾ ਪ੍ਰਭੂ

(ਉਨ੍ਹਾਂ ਤੋਂ) ਵੱਖਰਾ ਰਹਿੰਦਾ ਹੈ।੧।ਰਹਾਉ।(ਅਜੇਹੇ ਭੇਖੀ ਲੋਕ) ਕਥਾ ਸੁਣਾਉਂਦੇ ਹਨ, ਸੋਹਣੇ ਗੀਤ ਗਾਉਂਦੇ ਹਨ, (ਪਰ) ਮਨ ਵਿਚ ਮੈਲ ਰਖਦੇ ਹਨ।੧।(ਭਾਵੇਂ ਉਹ) ਬਹੁਤ ਸੁੰਦਰ (ਵਕਤੇ ਹਨ, ਪ੍ਰਸ਼ਨ ਉਤਰ ਕਰਨ ਵਿਚ ਵੀ) ਬਹੁਤ ਸਿਆਣੇ ਤੇ ਚਤਰ ਹਨ ਅਤੇ (ਉਨ੍ਹਾਂ ਦੀ) ਜੀਭ ਵਿਦਿਆ ਕਰਕੇ ਸੋਹਣੀ ਹੈ (ਜਬਾਨ ਨਾਲ ਸੁੰਦਰ ਬਚਨ ਬੋਲਦੇ ਹਨ, ਪਰ ਹਰੀ ਇਨ੍ਹਾਂ ਤੋਂ ਦੂਰ ਹੈ)।੨। ਮਾਣ, ਮੋਹ ਤੇ ਮੇਰ ਤੇਰ ਦਾ ਜੋ ਤਿਆਗਣਾ ਹੈ, ਏਹ ਖੰਡੇ ਧਾਰ ਰਸਤਾ ਹੈ (ਬਹੁਤ ਕਠਨ ਹੈ)।੩।ਨਾਨਕ ਗੁਰੂ ਜੀ ਆਖਦੇ ਹਨ ਕਿ ਉਨ੍ਹਾਂ ਪੁਰਖਾਂ ਨੇ ਭਵਜਲ ਨੂੰ ਤਰ ਲਿਆ ਹੈ, (ਜਿਨ੍ਹਾਂ ਨੂੰ) ਪ੍ਰਭੂ ਦੀ ਕ੍ਰਿਪਾ ਨਾਲ ਸੰਤਾਂ ਦੀ ਸੰਗਤ ਮਿਲੀ ਹੈ।੪।੧।੩੧।

ਪਦਾਰਥ = ਕਰਤ-ਕਰਦੇ ਹਨ।ਬਨ-ਜੰਗਲ; ਜਲ (ਤੀਰਥਾਂ ਤੇ)।ਭੇਖ-ਪਹਿਰਾਵਾ।ਮੋਹਨ-ਮੋਹ ਲੈਣ ਵਾਲਾ ਪ੍ਰਭੂ।ਰਹਤ-ਰਹਿੰਦਾ।ਨਿਰਾਰ-ਵੱਖਰਾ।੧।ਰਹਾਉ।ਕਥਨ-ਵਖਿਆਨ (ਕਥਾ)।ਨੀਕੇ-ਸੁੰਦਰ।ਮਨ ਮਹਿ-ਮਨ ਵਿਚ।ਧਰਤੇ-ਰੱਖਦੇ ਹਨ।ਗਾਰ-ਗਾਦ; (ਪਾਣੀ ਦੇ ਹੇਠਾਂ ਬੈਠੀ) ਮੈਲ; ਹੰਕਾਰ (ਮਾਣ ਮੋਹ ਅਤੇ ਮੇਰ ਤੇਰ ਦੀ ਗਾਰ)।੧।ਅਤਿ-ਬਹੁਤ।ਰਸਨਾ-ਜੀਭ।ਚਾਰ-ਸੁੰਦਰ।੨। ਮਾਨ-ਹੰਕਾਰ।ਬਿਬਿਰਜਿਤ-ਛਡਣਾ।ਮਾਰਗੁ-ਰਸਤਾ।ਖੰਡੇ ਧਾਰ-ਖੰਡੇ ਦੀ ਧਾਰ ਵਰਗਾ (ਬਹੁਤ ਕਠਨ)।੩।ਤਿਨਿ-ਉਨ੍ਹਾਂ ਨੇ। ਭਵਜਲੁ-ਸੰਸਾਰ ਸਮੁੰਦਰ ਨੂੰ।ਤਰੀਅਲੇ-ਤਰ ਲਿਆ ਹੈ।ਸੰਤ ਸੰਗਾਰ-ਸੰਤਾਂ ਦੀ ਸੰਗਤ।੪।੧।੩੧।

ਰਾਗੁ ਦੇਵਗੰਧਾਰੀ ਮਹਲਾ ੫ ਘਰੁ ੫ ੴ ਸਤਿਗੁਰ ਪ੍ਰਸਾਦਿ ॥ ਮੈ ਪੇਖਿਓ ਰੀ ਊਚਾ ਮੋਹਨੁ ਸਭ ਤੇ ਊਚਾ ॥ ਆਨ ਨ ਸਮਸਰਿ ਕੋਊ ਲਾਗੈ, ਢੂਢਿ ਰਹੇ ਹਮ ਮੂਚਾ ॥੧॥ਰਹਾਉ॥ ਬਹੁ ਬੇਅੰਤੁ ਅਤਿ ਬਡੋ ਗਾਹਰੋ, ਥਾਹ ਨਹੀ ਅਗਹੂਚਾ ॥ ਤੋਲਿ ਨ ਤੁਲੀਐ ਮੋਲਿ ਨ ਮੁਲੀਐ, ਕਤ ਪਾਈਐ ਮਨ ਰੂਚਾ ॥੧॥ ਖੋਜ ਅਸੰਖਾ ਅਨਿਕਤ ਪੰਥਾ, ਬਿਨੁ ਗੁਰ ਨਹੀ ਪਹੂਚਾ ॥ ਕਹੁ ਨਾਨਕ ਕਿਰਪਾ ਕਰੀ ਠਾਕੁਰ, ਮਿਲਿ ਸਾਧੂ ਰਸ ਭੂੰਚਾ ॥੨॥੧॥੩੨॥ ਹੇ ਸਖੀ! ਮੈ ਦੇਖਿਆ ਹੈ ਕਿ (ਸਭ ਨੂੰ) ਮੋਹ ਲੈਣ ਵਾਲਾ ਪ੍ਰਭੂ ਉਚਾ ਹੈ, ਸਭ ਤੋਂ ਉਚਾ ਹੈ।ਅਸੀਂ ਬਹੁਤ ਢੂੰਢ ਕੇ ਰਹਿ (ਥੱਕ) ਗਏ ਹਾਂ, (ਉਸ ਦੇ) ਬਰਾਬਰ ਦਾ ਹੋਰ ਕੋਈ ਨਹੀਂ ਲਗਦਾ (ਦਿਸਦਾ)।੧।ਰਹਾਉ।(ਉਹ ਪ੍ਰਭੂ) ਬਹੁਤ ਬੇਅੰਤ ਹੈ, ਬਹੁਤ ਵੱਡਾ ਤੇ ਡੂੰਘਾ ਹੈ, ਉਸ ਦੀ ਥਾਹ ਨਹੀਂ ਲੱਭਦੀ, (ਇਤਨਾ ਉਚਾ ਹੈ, ਜੋ) ਪਹੁੰਚ ਤੋਂ ਵੀ ਪਰੇ ਹੈ। (ਉਸ ਦਾ) ਤੋਲ ਤੋਲਿਆ ਨਹੀਂ ਜਾ ਸਕਦਾ, ਮੁੱਲ ਪਾਉਣ ਨਾਲ (ਉਸ ਨੂੰ) ਮੁੱਲ ਨਹੀਂ ਪਾਇਆ ਜਾ ਸਕਦਾ (ਅਮੋਲਕ ਹੈ, ਉਹ) ਮਨ ਦਾ ਪਿਆਰਾ ਹੈ, (ਉਸ ਨੂੰ) ਕਿਥੋਂ ਪ੍ਰਾਪਤ ਕਰੀਏ?।੧।ਬੇਅੰਤ ਖੋਜ ਕੀਤੀ, ਅਨੇਕਾਂ ਰਸਤੇ ਦੇਖੇ; ਅਨੇਕਾਂ ਤਪੀਆਂ ਨੇ ਤਪ ਕੀਤੇ, ਪਰ ਗੁਰੂ ਤੋਂ ਬਿਨਾ (ਪ੍ਰਭੂ ਕੋਲ) ਨਹੀਂ ਪਹੁੰਚਿਆ ਜਾ ਸਕਦਾ।ਨਾਨਕ ਗੁਰੂ ਜੀ ਆਖਦੇ ਹਨ (ਕਿ ਜਿਸ ਮਨੁੱਖ ਉਤੇ) ਮਾਲਕ ਨੇ ਕ੍ਰਿਪਾ ਕੀਤੀ ਹੈ (ਉਸ ਨੇ) ਸਾਧੂ ਗੁਰੂ ਨੂੰ ਮਿਲ ਕੇ (ਹਰੀ ਦੇ ਮਿਲਾਪ ਦਾ) ਰਸ ਮਾਣਿਆ ਹੈ।੨।੧।੩੨।

ਪਦਾਰਥ = ਪੇਖਿਓ-ਦੇਖਿਆ।ਰੀ-ਹੇ ਸਖੀ!।ਮੋਹਨੁ-ਮੋਹ ਲੈਣ ਵਾਲਾ ਪ੍ਰਭੂ।ਤੇ-ਤੋਂ।ਆਨ ਕੋਊ-ਕੋਈ ਹੋਰ।ਸਮਸਰਿ-ਬਰਾਬਰ ਦਾ।ਹਮ-ਅਸੀਂ।ਮੂਚਾ-ਬਹੁਤ।੧।ਰਹਾਉ।ਅਤਿ-ਬਹੁਤ।ਬਡੋ-ਵੱਡਾ।ਗਾਹਰੋ-ਗਹਿਰਾ (ਡੂੰਘਾ)।ਥਾਹ ਨਹੀ-ਡੂੰਘਾਈ ਦਾ ਅੰਤ ਨਹੀਂ।ਅਗਹੂਚਾ (ਅਗਹ+ਊਚਾ)-ਇਤਨਾ ਉਚਾ ਹੈ, ਕਿ ਪਹੁੰਚ ਤੋਂ ਪਰੇ ਹੈ।ਤੋਲਿ ਨ ਤੁਲੀਐ-ਕਿਸੇ ਤੋਲ ਨਾਲ ਤੋਲਿਆ ਨਹੀਂ ਜਾ ਸਕਦਾ।ਮੋਲਿ ਨ ਮੁਲੀਐ-ਮੁੱਲ ਨਾਲ ਮੁਲ ਨਹੀਂ ਪੈ ਸਕਦਾ।ਕਤ-ਕਿਥੋਂ।ਮਨ ਰੂਚਾ-ਮਨ ਦਾ ਪਿਆਰਾ।੧।ਅਨਿਕਤ ਪੰਥਾ-ਅਨੇਕਾਂ ਰਸਤੇ (ਅਨਿਕ ਤਪੰਥਾ-ਅਨੇਕਾਂ ਤਪ ਕਰਨ ਵਾਲੇ)।ਪਹੂਚਾ-ਪਹੁੰਚਿਆ।ਰਸ ਭੂੰਚਾ-ਅਨੰਦ ਮਾਣਿਆ।੨।੧।੩੨।

ਅੰਗ ੫੩੫ = ਦੇਵਗੰਧਾਰੀ ਮਹਲਾ ੫ ॥ ਮੈ ਬਹੁ ਬਿਧਿ ਪੇਖਿਓ ਦੂਜਾ ਨਾਹੀ ਰੀ ਕੋਊ ॥ ਖੰਡ ਦੀਪ ਸਭ ਭੀਤਰਿ ਰਵਿਆ, ਪੂਰਿ ਰਹਿਓ ਸਭ ਲੋਊ ॥੧॥ਰਹਾਉ॥ ਅਗਮ ਅਗੰਮਾ ਕਵਨ ਮਹਿੰਮਾ, ਮਨੁ ਜੀਵੈ ਸੁਨਿ ਸੋਊ ॥ ਚਾਰਿ ਆਸਰਮ ਚਾਰਿ ਬਰੰਨਾ, ਮੁਕਤਿ ਭਏ ਸੇਵ ਤੋਊ ॥੧॥ ਗੁਰਿ ਸਬਦੁ ਦ੍ਰਿੜਾਇਆ ਪਰਮ ਪਦੁ ਪਾਇਆ, ਦੁਤੀਅ ਗਏ ਸੁਖ ਹੋਊ ॥ ਕਹੁ ਨਾਨਕ ਭਵ ਸਾਗਰੁ ਤਰਿਆ, ਹਰਿ ਨਿਧਿ ਪਾਈ ਸਹਜੋਊ ॥੨॥੨॥੩੩॥ ਹੇ ਸਖੀ! ਮੈਂ ਬਹੁਤ ਵਿਧੀਆਂ ਨਾਲ ਦੇਖਿਆ ਹੈ (ਕਿ ਜਗਤ ਵਿਚ ਪ੍ਰਭੂ ਤੋਂ ਬਿਨਾ) ਦੂਜਾ ਹੋਰ ਕੋਈ ਨਹੀਂ ਹੈ।(ਉਹ ਪ੍ਰਭੂ) ਸਾਰੇ ਖੰਡਾਂ ਤੇ ਸਾਰੇ ਦੀਪਾਂ ਵਿਚ ਵਿਆਪਕ ਹੈ ਅਤੇ ਸਾਰੇ ਭਵਨਾਂ ਵਿਚ ਪੂਰਨ ਹੋ ਰਿਹਾ ਹੈ।੧।ਰਹਾਉ।(ਉਹ ਮਨ ਦੀ) ਪਹੁੰਚ ਤੋਂ ਪਰੇ ਹੈ ਤੇ (ਬੁਧੀ ਦੀ) ਪਹੁੰਚ ਤੋਂ ਵੀ ਪਰੇ ਹੈ, (ਉਸ ਦੀ) ਮਹਿਮਾ ਕੌਣ ਕਰ ਸਕਦਾ ਹੈ? ਮੇਰਾ ਮਨ (ਉਸ ਦੀ) ਸੋਭਾ ਸੁਣ ਕੇ ਜਿਉਂਦਾ ਹੈ।ਚਾਰ ਆਸ਼ਰਮ ਤੇ ਚਾਰ ਵਰਨਾਂ ਦੇ ਲੋਕਾਂ (ਵਿਚੋਂ ਜਿਹੜੇ ਵੀ) ਉਸ ਪ੍ਰਭੂ ਨੂੰ ਸੇਂਵਦੇ ਹਨ (ਉਹ) ਮੁਕਤ ਹੋ ਗਏ ਹਨ।੧।(ਹੇ ਸਖੀ! ਜਦ ਮੈਨੂੰ) ਗੁਰੂ ਨੇ ਸ਼ਬਦ ਦ੍ਰਿੜ ਕਰਾਇਆ ਹੈ, (ਤਦ) ਪਰਮਪਦ ਪ੍ਰਾਪਤ ਹੋ ਗਿਆ, ਦ੍ਵੈਤ ਭਾਵ (ਆਦਿ ਵਿਕਾਰ) ਦੂਰ ਹੋ ਗਏ, (ਮਨ ਤੇ ਤਨ ਨੂੰ) ਸੁਖ ਹੋ ਗਿਆ।ਨਾਨਕ ਗੁਰੂ ਜੀ ਆਖਦੇ ਹਨ ਕਿ (ਜਦ ਗੁਰੂ ਤੋਂ ਮੈਨੂੰ) ਹਰੀ ਦੇ ਨਾਮ ਦਾ ਖਜਾਨਾ ਪ੍ਰਪਤ ਹੋਇਆ ਤਾਂ ਸੁਤੇ ਸਿਧ ਭਵਸਾਗਰ ਤਰਿਆ ਗਿਆ।੨।੧।੩੩।

ਪਦਾਰਥ = ਬਹੁ ਬਿਧਿ-ਬਹੁਤ ਤਰੀਕਿਆਂ ਨਾਲ।ਪੇਖਿਓ-ਦੇਖਿਆ।ਰੀ-ਹੇ ਸਖੀ!।ਖੰਡ-ਧਰਤੀ ਦੇ ਨੌਂ ਹਿੱਸੇ।ਦੀਪ-ਧਰਤੀ ਦੇ

ਸੱਤ ਦੀਪ।ਭੀਤਰਿ–ਵਿਚ; ਅੰਦਰ।ਰਵਿਆ–ਵਿਆਪਕ ਹੈ।ਪੂਰਿ ਰਹਿਓ–ਵਿਆਪਕ ਹੋ ਰਿਹਾ ਹੈ।ਸਭ ਲੋਊ–ਸਾਰੇ ਭਵਨਾਂ ਵਿਚ।੧।ਰਹਾਉ।ਅਗਮ ਅਗੰਮਾ–(ਮਨ ਤੇ ਬੁੱਧੀ ਦੀ) ਪਹੁੰਚ ਤੋਂ ਬਹੁਤ ਪਰੇ।ਕਵਨ–ਕੌਣ।ਮਹਿੰਮਾ–ਮਹਿਮਾਂ।ਸੁਨਿ–ਸੁਣ ਕੇ।ਸੋਊ–ਸੋਭਾ।ਚਾਰਿ ਆਸਰਮ–ਬ੍ਰਹਮ ਚਰਜ, ਗ੍ਰਿਹਸਤ, ਬਾਨ ਪ੍ਰਸਤ ਤੇ ਸੰਨਿਆਸ।ਚਾਰਿ ਬਰੰਨਾ–ਚਾਰ ਵਰਣ (ਖਤ੍ਰੀ, ਬ੍ਰਾਹਮਣ, ਸੂਦ ਤੇ ਵੈਸ਼)।ਭਏ–ਹੋਏ।ਸੇਵ ਤੋਊ–ਉਸ ਨੂੰ ਸਿਮਰ ਕੇ।੧।ਦ੍ਰਿੜਾਇਆ–ਮਨ ਵਿਚ ਪੱਕੀ ਤਰ੍ਹਾਂ ਬਿਠਾ ਦਿਤਾ।ਪਰਮ ਪਦੁ–ਉਚੀ ਆਤਮਕ ਅਵਸਥਾ।ਦੁਤੀਅ–ਦ੍ਵੈਤ ਭਾਵ।ਭਵ ਸਾਗਰੁ–ਸੰਸਾਰ ਸਮੁੰਦਰ।ਨਿਧਿ–ਖਜਾਨਾ।ਸਹਜੋਊ–ਸੁਭਾਵਕ ਹੀ।੨।੧।੩੩।

ਰਾਗੁ ਦੇਵਗੰਧਾਰੀ ਮਹਲਾ ੫ ਘਰੁ ੬ ੧ੴ ਸਤਿਗੁਰ ਪ੍ਰਸਾਦਿ ॥ ਏਕੈ ਰੇ ਹਰਿ ਏਕੈ ਜਾਨ ॥ ਏਕੈ ਰੇ ਗੁਰਮੁਖਿ ਜਾਨ ॥੧॥ ਰਹਾਉ॥ ਕਾਹੇ ਭ੍ਰਮਤ ਹਉ ਤੁਮ ਭ੍ਰਮਹੁ ਨ ਭਾਈ, ਰਵਿਆ ਰੇ ਰਵਿਆ ਸ੍ਰਬ ਥਾਨ ॥੧॥ ਜਿਉ ਬੈਸੰਤਰੁ ਕਾਸਟ ਮਝਾਰਿ, ਬਿਨੁ ਸੰਜਮ ਨਹੀ ਕਾਰਜ ਸਾਰਿ ॥ ਬਿਨੁ ਗੁਰ ਨ ਪਾਵੈਗੋ ਹਰਿ ਜੀ ਕੋ ਦੁਆਰ ॥ ਮਿਲਿ ਸੰਗਤਿ ਤਜਿ ਅਭਿਮਾਨ, ਕਹੁ ਨਾਨਕ ਪਾਏ ਹੈ ਪਰਮ ਨਿਧਾਨ ॥੨॥੧॥੩੪॥ ਹੇ ਭਾਈ! ਹਰੀ ਇਕੋ ਹੀ ਹੈ, (ਉਸ ਨਿਰਗੁਣ ਸਰਗੁਣ ਨੂੰ) ਇਕ ਹੀ ਸਮਝ।ਹੇ ਭਾਈ! ਗੁਰੂ ਦੁਆਰਾ ਇਕ ਹੀ ਹਰੀ ਨੂੰ ਜਾਣ।੧।ਰਹਾਉ।ਹੇ ਭਾਈ! ਕਿਉਂ ਭਟਕਦੇ ਫਿਰਦੇ ਹੋ? ਤੁਸੀਂ ਭਟਕਦੇ ਨਾ ਫਿਰੋ, ਹੇ ਭਾਈ! (ਉਹ ਹਰੀ) ਵਿਆਪਕ ਹੈ, ਸਭ ਜਗ੍ਹਾ ਵਿਆਪਕ ਹੈ।੧।ਜਿਵੇਂ ਅੱਗ ਲਕੜੀਆਂ ਵਿਚ ਹੁੰਦੀ ਹੈ, ਪਰ ਜੁਗਤੀ ਬਿਨਾ (ਅੱਗ ਲੱਕੜੀ ਵਿਚੋਂ ਪ੍ਰਗਟ ਨਹੀਂ ਹੁੰਦੀ, ਤੇ ਮਨੁੱਖ ਦੇ) ਕੰਮ ਨਹੀਂ ਸਵਾਰਦੀ।(ਇਸੇ ਤਰ੍ਹਾਂ ਹਰੀ ਸਭ ਜਗ੍ਹਾ ਵਿਆਪਕ ਹੈ, ਪਰ) ਗੁਰੂ ਨੂੰ ਮਿਲੇ ਤੋਂ ਬਿਨਾ ਹਰੀ ਜੀ ਦਾ ਦਰ ਪ੍ਰਾਪਤ ਨਹੀਂ ਹੋਵੇਗਾ।ਨਾਨਕ ਗੁਰੂ ਜੀ ਆਖਦੇ ਹਨ ਕਿ (ਜਿਸ ਮਨੁੱਖ ਨੇ) ਸਤਸੰਗਤ ਵਿਚ ਮਿਲ ਕੇ ਅਭਿਮਾਨ ਛਡ ਦਿਤਾ ਹੈ, (ਉਸ ਨੇ ਸਭ ਤੋਂ) ਵੱਡਾ ਖਜਾਨਾ (ਹਰੀ ਦਾ ਨਾਮ) ਪ੍ਰਾਪਤ ਕਰ ਲਿਆ ਹੈ।੨।੧।੩੪।

ਪਦਾਰਥ = ਏਕੈ–ਇਕ ਹਰੀ ਹੀ।ਰੇ–ਹੇ ਭਾਈ!।ਜਾਨ–ਸਮਝ।ਗੁਰਮੁਖਿ–ਗੁਰੂ (ਦੀ ਸਿਖਿਆ) ਦੁਆਰਾ।੧।ਰਹਾਉ।ਕਾਹੇ–ਕਿਉਂ।ਭ੍ਰਮਤ ਹਉ–ਭਟਕਦੇ ਹੋ।ਭਾਈ–ਹੇ ਭਾਈ!।ਰਵਿਆ–ਵਿਆਪਕ (ਮੌਜੂਦ) ਹੈ।ਸ੍ਰਬ ਥਾਨ–ਸਭ ਥਾਵਾਂ ਤੇ।੧।ਬੈਸੰਤਰੁ–ਅੱਗ।ਕਾਸਟ ਮਝਾਰਿ–ਲਕੜੀਆਂ ਵਿਚ।ਸੰਜਮ–ਤਰੀਕਾ; ਜਤਨ।ਕਾਰਜ–ਕੰਮ।ਸਾਰਿ–ਸਵਾਰਦੀ।ਕੋ–ਦਾ।ਦੁਆਰ–ਦਰ।ਤਜਿ–ਛਡ ਦਿਤਾ।ਪਾਏ ਹੈ–ਪਾ ਲਏ ਹਨ।ਪਰਮ ਨਿਧਾਨ–(ਸਭ ਤੋਂ) ਵੱਡਾ ਖਜਾਨਾ (ਹਰੀ ਦਾ ਨਾਮ)।੨।੧।੩੪।

ਦੇਵਗੰਧਾਰੀ ੫ ॥ ਜਾਨੀ ਨ ਜਾਈ ਤਾ ਕੀ ਗਾਤਿ ॥੧॥ਰਹਾਉ॥ ਕਹ ਪੇਖਾਰਉ ਹਉ ਕਰਿ ਚਤੁਰਾਈ, ਬਿਸਮਨ ਬਿਸਮੇ ਕਹਨ ਕਹਾਤਿ ॥੧॥ ਗਣ ਗੰਧਰਬ ਸਿਧ ਅਰੁ ਸਾਧਿਕ ॥ ਸੁਰਿ ਨਰ ਦੇਵ ਬ੍ਰਹਮ ਬ੍ਰਹਮਾਦਿਕ ॥ ਚਤੁਰ ਬੇਦ ਉਚਰਤ ਦਿਨੁ ਰਾਤਿ ॥ ਅਗਮ ਅਗਮ ਠਾਕੁਰੁ ਆਗਾਧਿ ॥ ਗੁਨ ਬੇਅੰਤ ਬੇਅੰਤ ਭਨੁ ਨਾਨਕ, ਕਹਨੁ ਨ ਜਾਈ ਪਰੈ ਪਰਾਤਿ ॥੨॥੨॥੩੫॥ (ਹੇ ਭਾਈ!) ਉਸ ਹਰੀ ਦੀ ਅਵਸਥਾ ਜਾਣੀ ਨਹੀਂ ਜਾ ਸਕਦੀ (ਹਰੀ ਕਿਹੋ ਜਿਹਾ ਹੈ, ਕੋਈ ਨਹੀਂ ਜਾਣਦਾ)।੧।ਰਹਾਉ।ਮੈਂ ਚਤਰਾਈ ਕਰਕੇ ਕੀ ਦਿਖਾਵਾਂ? (ਉਸ ਹਰੀ ਦੇ ਬਾਰੇ) ਕਹਿਣ ਵਾਲੇ ਅਸਚਰਜ ਹੋ ਗਏ ਤੇ ਕਹਾਉਣ ਵਾਲੇ ਵੀ ਅਸਚਰਜ ਹੋ ਗਏ ਹਨ (ਉਸ ਦਾ ਸਰੂਪ ਦਸ ਕਹਿ ਨਹੀਂ ਸਕੇ)।੧।ਦੇਵਤਿਆਂ ਦੇ ਸੇਵਕ, ਦੇਵ ਲੋਕ ਦੇ ਗਵੱਈਏ, ਸਿੱਧ ਅਤੇ ਸਾਧਨਾ ਕਰਨ ਵਾਲੇ ਸਾਧੂ।ਸ੍ਰੇਸਟ ਮਨੁੱਖ, ਦੇਵਤੇ, ਬ੍ਰਾਹਮਣ, ਬ੍ਰਹਮਾ ਆਦਿਕ।ਅਤੇ ਚਾਰੇ ਬੇਦ (ਇਹ ਸਾਰੇ) ਦਿਨ ਰਾਤ ਇਹੋ ਗਲ ਕਹਿੰਦੇ ਹਨ।ਕਿ ਪ੍ਰਭੂ (ਉਚਾਈ ਵਿਚ ਸਾਡੀ) ਪਹੁੰਚ ਤੇ ਬਹੁਤ ਪਰੇ ਹੈ ਅਤੇ (ਡੂੰਘਾਈ ਵਿਚ) ਅਥਾਹ ਹੈ।ਹੇ ਨਾਨਕ! ਤੂੰ ਆਖ ਕਿ ਹਰੀ ਦੇ ਗੁਣ ਬੇਅੰਤ ਤੋਂ ਬੇਅੰਤ ਹਨ, (ਉਹ ਪ੍ਰਭੂ ਪੂਰਨ ਤੌਰ ਤੇ) ਬਿਆਨ ਨਹੀਂ ਕੀਤਾ ਜਾ ਸਕਦਾ, (ਕਿਉਂਕਿ ਉਹ) ਪਰੇ ਤੋਂ ਪਰੇ ਹੈ।੨।੨।੩੫।

ਪਦਾਰਥ =ਤਾ ਕੀ–ਉਸ (ਹਰੀ) ਦੀ।ਗਾਤਿ–ਅਵਸਥਾ।੧।ਰਹਾਉ।ਕਹ–ਕੀ; ਕਿਵੇਂ; ਕਿਸ ਨੂੰ।ਪੇਖਾਰਉ–ਦਿਖਾਵਾਂ।ਹਉ–ਮੈਂ।ਬਿਸਮਨ–ਅਸਚਰਜ।ਬਿਸਮੇ–ਅਸਚਰਜ।ਕਹਨ–ਕਹਿਣ ਵਾਲੇ–ਕਹਾਤਿ–ਕਹਾਉਣ ਵਾਲੇ।੧।ਗਣ–ਦੇਵਤਿਆਂ ਦੇ ਸੇਵਕ।ਗੰਧਰਬ–ਦੇਵ ਲੋਕ ਦੇ ਗਵੱਈਏ।ਸਿਧ–ਕਰਾਮਾਤੀ ਜੋਗੀ।ਅਰੁ–ਅਤੇ।ਸਾਧਿਕ–ਸਾਧਨਾ ਕਰਨ ਵਾਲੇ ਸਾਧੂ।ਸੁਰਿ ਨਰ–ਸ੍ਰੇਸਟ ਮਨੁੱਖ।ਦੇਵ–ਦੇਵਤੇ।ਬ੍ਰਹਮ–ਬ੍ਰਾਹਮਣ।ਬ੍ਰਹਮਾਦਿਕ–ਬ੍ਰਹਮਾ ਆਦਿਕ ਵੱਡੇ ਦੇਵਤੇ।ਚਤੁਰ ਬੇਦ–ਚਾਰ ਵੇਦ।ਉਚਰਤ–ਕਹਿੰਦੇ ਹਨ।ਅਗਮ–ਪਹੁੰਚ ਤੋਂ ਪਰੇ।ਅਗਾਧਿ–ਅਥਾਹ।ਭਨੁ–ਆਖ।ਪਰੈ ਪਰਾਤਿ–ਪਰੇ ਤੋਂ ਪਰੇ।੨।੨।੩੫।

ਦੇਵਗੰਧਾਰੀ ਮਹਲਾ ੫ ॥ ਧਿਆਏ ਗਾਏ ਕਰਨੈਹਾਰ ॥ ਭਉ ਨਾਹੀ ਸੁਖ ਸਹਜ ਅਨੰਦਾ, ਅਨਿਕ ਓਹੀ ਰੇ ਏਕ ਸਮਾਰ ॥੧॥ਰਹਾਉ॥ ਸਫਲ ਮੂਰਤਿ ਗੁਰੁ ਮੇਰੈ ਮਾਥੈ ॥ ਜਤ ਕਤ ਪੇਖਉ ਤਤ ਤਤ ਸਾਥੈ ॥ ਚਰਨ ਕਮਲ ਮੇਰੇ ਪ੍ਰਾਨ ਅਧਾਰ ॥੧॥ ਸਮਰਥ ਅਥਾਹ ਬਡਾ ਪ੍ਰਭੁ ਮੇਰਾ ॥ ਘਟ ਘਟ ਅੰਤਰਿ ਸਾਹਿਬੁ ਨੇਰਾ ॥ ਤਾ ਕੀ ਸਰਨਿ ਆਸਰ ਪ੍ਰਭ ਨਾਨਕ, ਜਾ ਕਾ ਅੰਤੁ ਨ ਪਾਰਾਵਾਰ ॥੨॥੩॥੩੬॥ (ਹੇ ਭਾਈ! ਜਿਸ ਮਨੁੱਖ ਨੇ) ਰਚਨਹਾਰ ਪ੍ਰਭੂ ਦੇ ਗੁਣ (ਰਸਨਾ ਨਾਲ) ਗਾਏ ਹਨ ਅਤੇ (ਮਨ ਵਿਚ ਉਸ ਨੂੰ) ਧਿਆਇਆ ਹੈ।(ਉਸ

ਨੂੰ ਕਿਸੇ ਕਿਸਮ ਦਾ) ਡਰ ਨਹੀਂ ਰਹਿੰਦਾ ਅਤੇ ਕੁਦਰਤੀ ਸੁਖ ਦਾ ਅਨੰਦ ਪ੍ਰਾਪਤ ਹੋ ਜਾਂਦਾ ਹੈ, ਹੇ ਭਾਈ! ਉਹ ਹੀ ਇਕ ਹੈ ਅਤੇ ਉਹ ਹੀ ਅਨੇਕ ਰੂਪ ਹੈ {ਅਨੇਕ ਹੈਂ ਫਿਰਿ ਏਕ ਹੈਂ।ਜਾਪ ਸਾਹਿਬ}, (ਉਸ ਨੂੰ) ਯਾਦ ਕਰ।੧।ਰਹਾਉ।ਗੁਰੂ ਫਲ ਦੇਣ ਵਾਲੀ ਹਸਤੀ ਹੈ, (ਜਿਸ ਦਾ ਪਾਵਨ) ਹੱਥ ਮੇਰੇ ਸਿਰ ਤੇ ਹੈ।ਜਿਥੇ ਕਿਥੇ ਮੈਂ ਦੇਖਦਾ ਹਾਂ, ਉਥੇ ਉਥੇ (ਗੁਰੂ ਮੇਰੇ) ਨਾਲ ਹੈ।(ਗੁਰੂ ਦੇ) ਚਰਨ ਕਮਲ ਮੇਰੇ ਪ੍ਰਾਣਾਂ ਦਾ ਆਸਰਾ ਹਨ।੧।ਮੇਰਾ ਪ੍ਰਭੂ ਸਰਬ ਸ਼ਕਤੀਮਾਨ ਅਤੇ ਬੇਅੰਤ ਵੱਡਾ ਹੈ।(ਉਹ) ਮਾਲਕ ਪ੍ਰਭੂ ਹਰੇਕ ਜੀਵ ਦੇ ਹਿਰਦੇ ਅੰਦਰ ਵਸਦਾ ਹੈ ਅਤੇ (ਸਭ ਦੇ) ਨੇੜੇ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ ਮੈਂ ਉਸ ਪ੍ਰਭੂ ਦੀ ਸਰਨ ਵਿਚ ਆਸਰਾ ਲਿਆ ਹੈ, ਜਿਸ ਦਾ ਨਾ ਅੰਤ ਹੈ ਅਤੇ ਨਾ ਪਾਰ ਤੇ ਉਰਾਰ ਹੈ (ਹੱਦ ਕੋਈ ਨਹੀਂ)।੨।੩।੩੬।

ਪਦਾਰਥ = ਧਿਆਏ–ਸਿਮਰਿਆ ਹੈ।ਗਾਏ–ਗਾਇਆ ਹੈ।ਕਰਨੈਹਾਰ–ਰਚਨਹਾਰ ਪ੍ਰਭੂ।ਭਉ–ਡਰ।ਸੁਖ ਸਹਜ–ਕੁਦਰਤੀ ਸੁਖ। ਅਨਿਕ–ਅਨੇਕ ਰੂਪ ਹੈ।ਓਹੀ–ਉਹ ਹਰੀ ਹੈ।ਰੇ–ਹੇ ਭਾਈ!।ਸਮਾਰ–ਯਾਦ ਕਰ।੧।ਰਹਾਉ।ਸਫਲ–ਫਲ ਦੇਣ ਵਾਲਾ।ਮੂਰਤਿ–ਹਸਤੀ।ਮਾਥੈ–ਮੱਥੇ ਉਤੇ।ਜਤ ਕਤ–ਜਿਥੇ ਕਿਥੇ।ਪੇਖਉ–ਮੈਂ ਦੇਖਦਾ ਹਾਂ।ਤਤ ਤਤ–ਉਥੇ ਉਥੇ।ਸਾਥੈ–ਨਾਲ।ਪ੍ਰਾਨ ਅਧਾਰ–ਪ੍ਰਾਣਾਂ ਦਾ ਆਸਰਾ।੧।ਸਮਰਥ–ਸਰਬ ਸ਼ਕਤੀਮਾਨ।ਅਥਾਹ–ਬੇਅੰਤ।ਘਟ ਘਟ ਭੀਤਰਿ–ਹਰੇਕ ਜੀਵ ਦੇ ਹਿਰਦੇ ਅੰਦਰ।ਸਾਹਿਬੁ–ਮਾਲਕ ਪ੍ਰਭੂ।ਨੇਰਾ–ਨੇੜੇ।ਤਾ ਕੀ–ਉਸ ਦੀ; ਤੱਕਿਆ ਹੈ।ਆਸਰ–ਆਸਰਾ।ਪਾਰਾਵਾਰ–ਪਾਰਲਾ ਤੇ ਉਰਲਾ ਕੰਢਾ।੨।੩।੩੬।

ਦੇਵਗੰਧਾਰੀ ਮਹਲਾ ੫ ॥ ਉਲਟੀ ਰੇ ਮਨ ਉਲਟੀ ਰੇ ॥ ਸਾਕਤ ਸਿਉ ਕਰਿ ਉਲਟੀ ਰੇ ॥ ਝੂਠੈ ਕੀ ਰੇ ਝੂਠੁ ਪਰੀਤਿ, ਛੁਟਕੀ ਰੇ ਮਨ ਛੁਟਕੀ ਰੇ, ਸਾਕਤ ਸੰਗਿ ਨ ਛੁਟਕੀ ਰੇ ॥੧॥ਰਹਾਉ॥ ਜਿਉ ਕਾਜਰ ਭਰਿ ਮੰਦਰੁ ਰਾਖਿਓ, ਜੋ ਪੈਸੈ ਕਾਲੂਖੀ ਰੇ ॥ ਦੂਰਹੁ ਹੀ ਤੇ ਭਾਗਿ ਗਇਓ ਹੈ, ਜਿਸੁ ਗੁਰ ਮਿਲਿ ਛੁਟਕੀ ਤ੍ਰਿਕੁਟੀ ਰੇ ॥੧॥ ਹੇ ਮਨ! (ਅਪਣੀ ਪ੍ਰੀਤ ਨੂੰ) ਉਲਟਾ ਦੇ, (ਅਪਣੀ ਬਿਰਤੀ ਨੂੰ) ਉਲਟਾ ਦੇ।(ਕਿਸ ਨਾਲੋਂ?) ਹੇ ਮਨ! ਸਾਕਤਾਂ ਨਾਲੋਂ (ਪ੍ਰੀਤ) ਉਲਟੀ ਕਰ ਲੈ।ਹੇ ਮਨ! ਝੂਠੇ ਮਨੁੱਖ ਦੀ ਪ੍ਰੀਤ ਵੀ ਝੂਠੀ ਹੁੰਦੀ ਹੈ, ਹੇ ਮਨ! (ਜੇ ਇਹ ਪ੍ਰੀਤ ਸਾਕਤਾਂ ਨਾਲੋਂ) ਛੁਟ ਜਾਵੇ ਤਾਂ ਮੁਕਤੀ ਹੋ ਜਾਂਦੀ ਹੈ, (ਪਰ) ਸਾਕਤਾਂ ਦੀ ਸੰਗਤ ਵਿਚ ਰਹਿਣ ਨਾਲ ਮੁਕਤੀ ਨਹੀਂ ਹੁੰਦੀ।੧।ਰਹਾਉ।ਜਿਵੇਂ ਕੋਈ ਮਕਾਨ ਕੱਜਲ ਨਾਲ ਭਰ ਕੇ ਰੱਖਿਆ ਹੋਵੇ, ਜੋ (ਮਨੁੱਖ ਉਸ ਮਕਾਨ ਵਿਚ) ਪ੍ਰਵੇਸ਼ ਕਰੇਗਾ, ਉਹ ਕਾਲਖ ਵਰਗਾ ਕਾਲਾ ਹੋ ਜਾਵੇਗਾ (ਸਾਕਤਾਂ ਦੀ ਸੰਗਤ ਵਿਚ ਪੈ ਕੇ ਮਨੁੱਖ ਕਲੰਕਤ ਹੋ ਜਾਂਦਾ ਹੈ)।ਗੁਰੂ ਨੂੰ ਮਿਲ ਕੇ ਜਿਸ ਮਨੁੱਖ ਦੀ ਤ੍ਰਿਕੁਟੀ ਛੁਟ (ਖੁਲ੍ਹ) ਗਈ ਹੈ, ਉਹ (ਸਾਕਤਾਂ ਦੀ ਸੰਗਤ ਤੋਂ) ਦੂਰੋਂ ਹੀ ਦੌੜ ਗਿਆ ਹੈ।੧।

ਉਲਟੀ ਰੇ = ਹੇ ਮਨ! (ਤੇਰੀ ਬਿਰਤੀ ਰੱਬ ਵੱਲੋਂ) ਉਲਟੀ ਹੋਈ ਹੈ, (ਤੂੰ ਅਪਣੀ ਬਿਰਤੀ ਨੂੰ) ਮੋੜ ਲੈ (ਰੱਬ ਨਾਲ ਜੋੜ ਲੈ)।

ਅੰਗ ੫੩੬ = ਮਾਗਉ ਦਾਨੁ ਕ੍ਰਿਪਾਲ ਕ੍ਰਿਪਾਨਿਧਿ, ਮੇਰਾ ਮੁਖੁ ਸਾਕਤ ਸੰਗਿ ਨ ਜੁਟਸੀ ਰੇ ॥ ਜਨ ਨਾਨਕ ਦਾਸ ਦਾਸ ਕੋ ਕਰੀਅਹੁ ,ਮੇਰਾ ਮੂੰਡੁ ਸਾਧ ਪਗਾ ਹੇਠਿ ਰੁਲਸੀ ਰੇ ॥੨॥੪॥੩੭॥ ਹੇ ਕ੍ਰਿਪਾਲੂ! ਹੇ ਕ੍ਰਿਪਾ ਦੇ ਖਜਾਨੇ ਪ੍ਰਭੂ! ਮੈਂ (ਤੇਰੇ ਪਾਸੋਂ ਇਹ) ਦਾਨ ਮੰਗਦਾ ਹਾਂ ਕਿ ਸਾਕਤਾਂ ਨਾਲ ਮੇਰਾ ਮੂੰਹ ਨਾ ਜੁੜੇ।ਦਾਸ ਨਾਨਕ ਨੂੰ (ਅਪਣੇ) ਦਾਸਾਂ ਦਾ ਦਾਸ ਬਣਾ ਲਵੋ ਅਤੇ ਮੇਰਾ ਸਿਰ ਸਾਧੂਆਂ ਦੇ ਪੈਰਾਂ ਹੇਠ ਰੁਲਦਾ ਰਹੇ।੨।੪।੩੭।

ਪਦਾਰਥ = ਉਲਟੀ–ਮੋੜ ਲੈ।ਰੇ ਮਨ–ਹੇ ਮਨ!।ਸਾਕਤ–ਰੱਬ ਤੋਂ ਟੁੱਟਿਆ ਮਨੁੱਖ।ਸਿਉ–ਨਾਲੋਂ।ਛੁਟਕੀ–ਜੇ ਛੁਟ ਜਾਵੇ; ਛੁਟਕਾਰਾ ;ਮੁਕਤੀ।ਸੰਗਿ–ਸੰਗਤ ਵਿਚ।੧।ਰਹਾਉ।ਕਾਜਰ–ਕੱਜਲ; ਕਾਲਖ।ਭਰਿ–ਭਰ ਕੇ।ਮੰਦਰੁ–ਮਕਾਨ।ਪੈਸੈ–ਪ੍ਰਵੇਸ਼ ਕਰੇਗਾ।ਕਾਲੂਖੀ –ਕਾਲਖ (ਕਲੰਕਤ; ਦਾਗੀ)।ਦੂਰਹੁ–ਦੂਰ ਤੋਂ।ਭਾਗਿ ਗਇਓ–ਦੌੜ ਗਿਆ।ਛੁਟਕੀ–ਛੁਟ (ਖੁਲ੍ਹ) ਗਈ।ਤ੍ਰਿਕੁਟੀ–ਤਿੰਨ (ਰਜ ਸਤ ਤੇ ਤਮ) ਗੁਣਾਂ ਦੀ ਗੁੰਝਲ (ਕੈਦ)।੧।ਮਾਗਉ–ਮੈਂ ਮੰਗਦਾ ਹਾਂ।ਕ੍ਰਿਪਾ ਨਿਧਿ–ਹੇ ਕ੍ਰਿਪਾ ਦੇ ਖਜਾਨੇ!।ਨ ਜੁਟਸੀ–ਨਾ ਜੁੜੇ।ਕੋ–ਦਾ ।ਕਰੀਅਹੁ–ਕਰ (ਬਣਾ) ਲਓ।ਮੂੰਡੁ–ਸਿਰ।ਪਗਾ ਹੇਠਿ–ਪੈਰਾਂ ਹੇਠ।ਰੁਲਸੀ–ਰੁਲਦਾ ਰਹੇ।੨।੪।੩੭।

ਰਾਗੁ ਦੇਵਗੰਧਾਰੀ ਮਹਲਾ ੫ ਘਰੁ ੭ ੴ ਸਤਿਗੁਰ ਪ੍ਰਸਾਦਿ ॥ ਸਭ ਦਿਨ ਕੇ ਸਮਰਥ ਪੰਥ ਬਿਠੁਲੇ, ਹਉ ਬਲਿ ਬਲਿ ਜਾਉ ॥ ਗਾਵਨ ਭਾਵਨ ਸੰਤਨ ਤੋਰੈ, ਚਰਨ ਉਵਾ ਕੇ ਪਾਉ ॥੧॥ਰਹਾਉ॥ ਜਾਸਨ ਬਾਸਨ ਸਹਜ ਕੇਲ ਕਰੁਣਾਮੈ, ਏਕ ਅਨੰਤ ਅਨੂਪੈ ਠਾਉ ॥੧॥ ਰਿਧਿ ਸਿਧਿ ਨਿਧਿ ਕਰ ਤਲ ਜਗਜੀਵਨ, ਸ੍ਰਬ ਨਾਥ ਅਨੇਕੈ ਨਾਉ ॥ ਦਇਆ ਮਇਆ ਕਿਰਪਾ ਨਾਨਕ ਕਉ ,ਸੁਨਿ ਸੁਨਿ ਜਸੁ ਜੀਵਾਉ ॥੨॥੧॥੩੮॥੬॥੪੪॥ ਹੇ ਪ੍ਰਭੂ! (ਤੇਰੇ ਸੰਤ) ਸਾਰੇ ਦਿਨਾਂ ਦੇ ਲਈ ਰਸਤਾ ਦਿਖਾਉਣ ਦੇ ਸਮਰਥ ਹਨ, ਮੈਂ (ਉਨ੍ਹਾਂ ਤੋਂ) ਬਲਿ ਬਲਿ ਜਾਂਦਾ ਹਾਂ।(ਕਿਉਂਕਿ) ਤੇਰੇ ਸੰਤ ਸ਼ਰਧਾ ਨਾਲ (ਤੇਰਾ) ਜਸ ਗਾਉਂਦੇ ਹਨ; ਤੇਰੇ ਸੰਤ ਤੇਰਾ ਜਸ ਗਾਉਂਦੇ ਹਨ ਅਤੇ ਤੈਨੂੰ ਭਾਉਂਦੇ ਹਨ, ਮੈਂ ਉਨ੍ਹਾਂ ਦੇ ਚਰਨੀਂ ਪੈਂਦਾ ਹਾਂ।੧।ਰਹਾਉ।ਹੇ ਜਸ ਦੇ ਪਾਤ੍ਰ (ਜਸ ਕਰਨ ਯੋਗ)! ਹੇ ਸਹਿਜ ਅਵਸਥਾ ਵਾਲੀਆਂ ਮੌਜਾਂ ਕਰਨ ਵਾਲੇ! ਹੇ ਦਇਆ ਸਰੂਪ ਹਰੀ! ਤੂੰ ਇਕ ਤੋਂ ਅਨੰਤ ਰੂਪ ਹੋਇਆ ਹੋਇਆ ਹੈਂ; ਅਨੇਕ ਹੈਂ ਫਿਰਿ ਏਕ ਹੈਂ

(ਜਾਪ ਸਾਹਿਬ) ਅਤੇ ਤੇਰਾ ਟਿਕਾਣਾ ਬੇਮਿਸਾਲ ਹੈ।੧।ਹੇ ਜਗਤ ਦੇ ਜੀਵਨ ਪ੍ਰਭੂ! ਰਿਧੀਆਂ, ਸਿਧੀਆਂ ਤੇ ਨਿਧੀਆਂ ਤੇਰੇ ਹੱਥ ਦੀ ਤਲੀ ਤੇ ਹਨ, ਹੇ ਸਭ ਦੇ ਮਾਲਕ ਪ੍ਰਭੂ! ਤੇਰੇ ਅਨੇਕਾਂ ਨਾਉਂ ਹਨ।ਨਾਨਕ ਉਤੇ ਇਹ ਦਇਆ ਕਰ, ਮੇਹਰ ਕਰ ਤੇ ਕ੍ਰਿਪਾ ਕਰ, (ਕਿ ਮੈਂ ਸੰਤਾਂ ਤੋਂ ਤੇਰਾ) ਜਸ ਸੁਣ ਸੁਣ ਕੇ ਜਿਉਂਦਾ ਰਹਾਂ।੨।੧।੩੮।੬।੪੪।

ਪਦਾਰਥ = ਸਭ ਦਿਨ ਕੇ-ਸਦਾ ਦੇ ਲਈ।ਸਮਰਥ ਪੰਥ-ਰਸਤਾ ਦਸਣ ਦੇ ਜੋਗ।ਬਿਠੁਲੇ-ਹੇ ਪ੍ਰਭੂ!।ਹਉ-ਮੈਂ।ਬਲਿ ਬਲਿ ਜਾਉ-ਕੁਰਬਾਨ ਜਾਂਦਾ ਹਾਂ।ਜਾਸਨ ਬਾਸਨ-ਜਸ ਦੇ ਪਾਤ੍ਰ (ਜਸ ਕਰਨ ਯੋਗ)।ਸਹਜ ਕੇਲ-ਸਹਿਜ ਅਵਸਥਾ ਵਾਲੀਆਂ ਮੌਜਾਂ ਕਰਨ ਵਾਲਾ ।ਕਰੁਣਾਮੈ-ਦਇਆ ਸਰੂਪ।ਅਨੰਤ-ਬੇਅੰਤ।ਅਨੂਪੈ ਠਾਉ-ਬੇਮਿਸਾਲ ਟਿਕਾਣਾ।੧।ਰਿਧਿ ਸਿਧਿ-ਕਰਾਮਾਤੀ ਸ਼ਕਤੀਆਂ।ਨਿਧਿ-ਖਜਾਨੇ।ਕਰ ਤਲ-ਹੱਥਾਂ ਦੀਆਂ ਤਲੀਆਂ ਉਤੇ।ਜਗ ਜੀਵਨ-ਜਗਤ ਦਾ ਜੀਵਨ।ਸ੍ਰਬ ਨਾਥ-ਸਭ ਦਾ ਮਾਲਕ।ਮਇਆ-ਮੇਹਰ। ਨਾਨਕ ਕਉ-ਨਾਨਕ ਨੂੰ; ਨਾਨਕ ਉਤੇ।ਜੀਵਾਉ-ਜਿਉਂਦਾ ਰਹਾਂ।੨।੧।੩੮।੬।੪੪।

ੴ ਸਤਿਗੁਰ ਪ੍ਰਸਾਦਿ ॥ ਰਾਗੁ ਦੇਵਗੰਧਾਰੀ ਮਹਲਾ ੯ ॥ ਯਹ ਮਨੁ ਨੈਕ ਨ ਕਹਿਓ ਕਰੈ ॥ ਸੀਖ ਸਿਖਾਇ ਰਹਿਓ ਅਪਨੀ ਸੀ, ਦੁਰਮਤਿ ਤੇ ਨ ਟਰੈ ॥੧॥ਰਹਾਉ॥ ਮਦਿ ਮਾਇਆ ਕੈ ਭਇਓ ਬਾਵਰੋ, ਹਰਿ ਜਸੁ ਨਹਿ ਉਚਰੈ ॥ ਕਰਿ ਪਰਪੰਚੁ ਜਗਤ ਕਉ ਡਹਕੈ, ਅਪਨੋ ਉਦਰੁ ਭਰੈ ॥੧॥ ਸੁਆਨ ਪੂਛ ਜਿਉ ਹੋਇ ਨ ਸੂਧੋ, ਕਹਿਓ ਨ ਕਾਨ ਧਰੈ ॥ ਕਹੁ ਨਾਨਕ ਭਜੁ ਰਾਮ ਨਾਮ ਨਿਤ, ਜਾ ਤੇ ਕਾਜੁ ਸਰੈ ॥੨॥੧॥ (ਹੇ ਭਾਈ!) ਇਹ ਮਨ ਥੋੜਾ ਜਿਹਾ ਵੀ (ਮੇਰਾ) ਕਿਹਾ ਨਹੀਂ ਮੰਨਣਾ ਕਰਦਾ।ਮੈਂ ਅਪਣੇ ਵੱਲੋਂ (ਮਨ ਨੂੰ ਬਥੇਰੀ) ਸਿਖਿਆ ਸਿਖਾ ਰਿਹਾ ਹਾਂ; ਸਿਖਾ ਕੇ ਰਹਿ (ਥੱਕ) ਗਿਆ ਹਾਂ, (ਪਰ ਇਹ ਅਪਣੀ) ਖੋਟੀ ਮੱਤ ਤੋਂ ਨਹੀਂ ਟਲਦਾ।੧। ਰਹਾਉ।ਮਾਇਆ ਦੇ ਹੰਕਾਰ ਵਿਚ ਝੱਲਾ ਹੋਇਆ ਪਿਆ ਹੈ, ਹਰੀ ਦਾ ਜਸ ਨਹੀਂ ਉਚਾਰਦਾ।ਵਲ ਛਲ ਕਰਕੇ ਜਗਤ ਨੂੰ ਠਗਦਾ ਹੈ ਅਤੇ (ਠੱਗੇ ਧਨ ਨਾਲ) ਅਪਣਾ ਪੇਟ ਭਰਦਾ ਹੈ।੧।ਕੁੱਤੇ ਦੀ ਪੂੰਛ ਜਿਵੇਂ ਸਿੱਧੀ ਨਹੀਂ ਹੁੰਦੀ (ਵਿੰਗੀ ਰਹਿੰਦੀ ਹੈ, ਤਿਵੇਂ ਇਹ ਢੀਠ ਮਨ ਗੁਰੂ ਦਾ) ਕਿਹਾ ਉਪਦੇਸ਼ ਕੰਨੀਂ ਨਹੀਂ ਧਰਦਾ (ਧਿਆਨ ਹੀ ਨਹੀਂ ਦੇਂਦਾ)।ਨਾਨਕ ਗੁਰੂ ਜੀ ਆਖਦੇ ਹਨ (ਕਿ ਹੇ ਮਨ!) ਰਾਮ ਨਾਮ ਦਾ ਭਜਨ ਕਰ, ਜਿਸ ਤੋਂ ਤੇਰਾ ਕੰਮ ਪੂਰਾ (ਜੀਵਨ ਸਫਲ) ਹੋ ਜਾਵੇ।੨।੧।

ਪਦਾਰਥ = ਯਹ-ਇਹ।ਨੈਕ-ਥੋੜਾ ਜਿਹਾ ਵੀ।ਕਹਿਓ-ਕਿਹਾ ਉਪਦੇਸ਼।ਸੀਖ-ਸਿੱਖਿਆ।ਸਿਖਾਇ ਰਹਿਓ-ਸਿਖਾ ਰਿਹਾ ਹਾਂ। ਅਪਨੀ ਸੀ-ਅਪਣੇ ਵੱਲੋਂ।ਦੁਰਮਤਿ-ਖੋਟੀ ਮੱਤ।ਤੇ-ਤੋਂ।ਨ ਟਰੈ-ਨਹੀਂ ਟਲਦਾ।੧।ਰਹਾਉ।ਮਦਿ-ਹੰਕਾਰ ਵਿਚ; ਨਸ਼ੇ ਵਿਚ। ਭਇਓ-ਹੋਇਆ ਪਿਆ ਹੈ।ਬਾਵਰੋ-ਝੱਲਾ।ਨਹਿ ਉਚਰੈ-ਨਹੀਂ ਉਚਾਰਦਾ।ਕਰਿ ਪਰਪੰਚੁ-ਵਲ ਛਲ ਕਰਕੇ।ਕਉ-ਨੂੰ।ਡਹਕੈ-ਠਗਦਾ ਹੈ।ਉਦਰੁ-ਪੇਟ।ਭਰੈ-ਭਰਦਾ ਹੈ।੧।ਸੁਆਨ-ਕੁੱਤੇ ਦੀ।ਪੂਛ-ਪੂੰਛ।ਸੂਧੋ-ਸਿੱਧੀ।ਭਜੁ-ਭਜਨ ਕਰ।ਨ ਕਾਨ ਧਰੈ-ਕੰਨ ਨਹੀਂ ਧਰਦਾ (ਧਿਆਨ ਨਹੀਂ ਦੇਂਦਾ)।ਨਿਤ-ਰੋਜ; ਸਦਾ।ਜਾ ਤੇ-ਜਿਸ ਤੋਂ।ਕਾਜੁ-ਕੰਮ।ਸਰੈ-ਪੂਰਾ ਹੋ ਜਾਵੇ।੨।੧।

ਦੇਵਗੰਧਾਰੀ ਮਹਲਾ ੯ ॥ ਸਭ ਕਿਛੁ ਜੀਵਤ ਕੋ ਬਿਵਹਾਰ ॥ ਮਾਤ ਪਿਤਾ ਭਾਈ ਸੁਤ ਬੰਧਪ, ਅਰੁ ਫੁਨਿ ਗ੍ਰਿਹ ਕੀ ਨਾਰਿ ॥੧॥ਰਹਾਉ ॥ ਤਨ ਤੇ ਪ੍ਰਾਨ ਹੋਤ ਜਬ ਨਿਆਰੇ, ਟੇਰਤ ਪ੍ਰੇਤਿ ਪੁਕਾਰਿ ॥ ਆਧ ਘਰੀ ਕੋਊ ਨਹਿ ਰਾਖੈ, ਘਰਿ ਤੇ ਦੇਤ ਨਿਕਾਰਿ ॥੧॥ ਮ੍ਰਿਗ ਤ੍ਰਿਸਨਾ ਜਿਉ ਜਗ ਰਚਨਾ ਯਹ, ਦੇਖਹੁ ਰਿਦੈ ਬਿਚਾਰਿ ॥ ਕਹੁ ਨਾਨਕ ਭਜੁ ਰਾਮ ਨਾਮ ਨਿਤ, ਜਾ ਤੇ ਹੋਤ ਉਧਾਰ ॥੨॥੨॥ (ਹੇ ਭਾਈ! ਜਗਤ ਵਿਚ) ਮਾਤਾ, ਪਿਤਾ, ਭਰਾ, ਪੁਤ੍ਰ, ਰਿਸ਼ਤੇਦਾਰ ਅਤੇ ਫਿਰ ਘਰ ਦੀ ਇਸਤ੍ਰੀ ਆਦਿ ਸਭ ਕੁਛ ਨਾਲ ਜਿਉਂਦਿਆਂ ਤਕ ਦਾ ਹੀ ਵਿਹਾਰ ਹੈ।੧।ਰਹਾਉ।ਸਰੀਰ ਤੋਂ ਜਦ ਪ੍ਰਾਣ ਵੱਖਰੇ ਹੁੰਦੇ ਹਨ ਤਾਂ (ਇਹ ਸਾਰੇ) ਪ੍ਰੇਤ ਪੁਕਾਰ ਕੇ ਆਖਦੇ ਹਨ।ਕੋਈ ਵੀ (ਨੇੜੇ ਦਾ ਸਬੰਧੀ ਉਸ ਮੁਰਦੇ ਨੂੰ) ਅੱਧੀ ਘੜੀ ਨਹੀਂ ਰੱਖਦਾ, ਘਰ ਤੋਂ (ਛੇਤੀ ਹੀ ਬਾਹਰ) ਕੱਢ ਦੇਂਦੇ ਹਨ।੧।(ਹੇ ਭਾਈ! ਤੁਸੀਂ) ਹਿਰਦੇ ਵਿਚ ਵਿਚਾਰ ਕੇ ਦੇਖ ਲਵੋ ਕਿ ਇਹ ਜਗਤ ਰਚਨਾ ਮ੍ਰਿਗ ਤ੍ਰਿਸ਼ਨਾ ਵਾਂਗ ਝੂਠੀ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ (ਹੇ ਭਾਈ!) ਸਦਾ ਰਾਮ ਨਾਮ ਦਾ ਭਜਨ ਕਰ, ਜਿਸ ਕਰਕੇ (ਤੇਰਾ ਭਵਜਲ ਤੋਂ) ਪਾਰ ਉਤਾਰਾ ਹੋ ਜਾਵੇ।੨।੨।

ਪਦਾਰਥ = ਜੀਵਤ ਕੋ-ਜਿਉਂਦਿਆਂ ਦਾ।ਬਿਵਹਾਰ-ਮੇਲ ਜੋਲ; ਕੰਮ; ਲੈਣ ਦੇਣ।ਸੁਤ-ਪੁਤ੍ਰ।ਬੰਧਪ-ਰਿਸ਼ਤੇਦਾਰ।ਅਰੁ ਫੁਨਿ-ਅਤੇ ਫਿਰ।ਗ੍ਰਿਹ ਕੀ-ਘਰ ਦੀ।ਨਾਰਿ-ਇਸਤ੍ਰੀ।੧।ਰਹਾਉ।ਤਨੁ ਤੇ-ਸਰੀਰ ਤੋਂ।ਹੋਤ-ਹੁੰਦੇ ਹਨ।ਜਬ-ਜਦ।ਨਿਆਰੇ-ਵੱਖਰੇ। ਟੇਰਤ-ਆਖਦੇ ਹਨ।ਪ੍ਰੇਤਿ-ਮਰਿਆ ਪ੍ਰਾਣੀ।ਪੁਕਾਰਿ-ਪੁਕਾਰ ਕੇ।ਆਧ ਘਰੀ-ਅੱਧੀ ਘੜੀ।ਕੋਊ-ਕੋਈ (ਵੀ ਸਬੰਧੀ)।ਦੇਤ ਨਿਕਾਰਿ-ਕੱਢ ਦੇਂਦੇ ਹਨ।੧।ਮ੍ਰਿਗ ਤ੍ਰਿਸਨਾ-ਸੂਰਜ ਦੀ ਧੁੱਪ ਨਾਲ ਮਾਰੂ ਥਲ ਦੇ ਰੇਤ ਦੀ ਚਮਕ ਪਾਣੀ ਦੀ ਝੀਲ ਪ੍ਰਤੀਤ ਹੁੰਦੀ ਹੈ ,ਜਿਉਂ ਜਿਉਂ ਉਸ ਦੇ ਨੇੜੇ ਜਾਈਏ, ਤਾਂ ਪਾਣੀ ਹੋਰ ਦੂਰ ਪ੍ਰਤੀਤ ਹੋਣ ਲਗਦਾ ਹੈ, ਸੂਰਜ ਦੀ ਧੁੱਪ ਢਲਣ ਨਾਲ ਪਾਣੀ ਦੀ ਥਾਂ ਸਾਫ ਰੇਤ ਦਿਸਣ ਲਗਦਾ ਹੈ (ਛਿਨ ਭੰਗਰ ਮਾਇਕ ਸੁਖ)।ਜਿਉ-ਵਾਂਗ।ਯਹ-ਇਹ।ਰਿਦੈ-ਹਿਰਦੇ ਵਿਚ।ਭਜੁ-ਭਜਨ ਕਰ।ਨਿਤ-ਸਦਾ

;ਹਰ ਰੋਜ।ਜਾ ਤੇ–ਜਿਸ ਕਰਕੇ।ਉਧਾਰ–(ਸੰਸਾਰ ਸਾਗਰ ਤੋਂ) ਪਾਰ ਉਤਾਰਾ।੨।੨।

ਦੇਵਗੰਧਾਰੀ ਮਹਲਾ ੯ ॥ ਜਗਤ ਮੈ ਝੂਠੀ ਦੇਖੀ ਪ੍ਰੀਤਿ ॥ ਅਪਨੇ ਹੀ ਸੁਖ ਸਿਉ ਸਭ ਲਾਗੇ, ਕਿਆ ਦਾਰਾ ਕਿਆ ਮੀਤ ॥੧॥ਰਹਾਉ॥ ਮੇਰਉ ਮੇਰਉ ਸਭੈ ਕਹਤ ਹੈ, ਹਿਤ ਸਿਉ ਬਾਧਿਓ ਚੀਤ ॥ ਅੰਤਿ ਕਾਲਿ ਸੰਗੀ ਨਹ ਕੋਊ ,ਇਹ ਅਚਰਜ ਹੈ ਰੀਤਿ ॥੧॥ ਮਨ ਮੂਰਖ ਅਜਹੂ ਨਹ ਸਮਝਤ, ਸਿਖ ਦੈ ਹਾਰਿਓ ਨੀਤ ॥ ਨਾਨਕ ਭਉਜਲੁ ਪਾਰਿ ਪਰੈ, ਜਉ ਗਾਵੈ ਪ੍ਰਭ ਕੇ ਗੀਤ ॥੨॥੩॥੬॥੩੮॥੪੭ ॥ (ਹੇ ਭਾਈ!) ਜਗਤ ਵਿਚ (ਸਬੰਧੀਆਂ ਦੀ) ਪ੍ਰੀਤ ਝੂਠੀ ਦੇਖੀ ਗਈ ਹੈ।ਕੀ ਇਸਤ੍ਰੀ ਤੇ ਕੀ ਮਿਤ੍ਰ ਆਦਿ ਸਾਰੇ (ਸਬੰਧੀ) ਅਪਣੇ ਸੁਖ ਨਾਲ ਹੀ ਲੱਗੇ ਹੋਏ ਹਨ (ਨਿੱਜੀ ਸੁਆਰਥ ਲਈ ਨਾਲ ਤੁਰੇ ਫਿਰਦੇ ਹਨ)।੧।ਰਹਾਉ।(ਆਪਸ ਵਿਚ ਸਭ ਸਬੰਧੀਆਂ ਦਾ) ਚਿਤ ਮੋਹ ਨਾਲ ਬੱਧਾ ਹੋਇਆ ਹੈ, (ਜਿਸ ਕਰਕੇ) ਸਾਰੇ ਕਹਿੰਦੇ ਹਨ ਕਿ ਇਹ ਮੇਰਾ ਹੈ, ਇਹ ਮੇਰਾ (ਸਬੰਧੀ) ਹੈ।(ਜਗਤ ਦੀ) ਇਹ ਅਸਚਰਜ ਮਰਿਆਦਾ ਹੈ ਕਿ ਅੰਤ ਸਮੇਂ ਕੋਈ ਵੀ (ਕਿਸੇ ਦਾ) ਸਾਥੀ ਨਹੀਂ ਬਣਦਾ।੧।(ਇਹ ਸਭ ਕੁਝ ਜਾਣ ਕੇ ਵੀ) ਮੂਰਖ ਮਨ ਅਜੇ ਵੀ ਨਹੀਂ ਸਮਝਦਾ, (ਇਹ) ਸਿਖਿਆ ਮੈਂ ਰੋਜ ਦੇ ਕੇ ਹਾਰ (ਥੱਕ) ਗਿਆ ਹਾਂ।ਨਾਨਕ ਗੁਰੂ ਜੀ ਆਖਦੇ ਹਨ ਕਿ ਜੇ (ਇਹ ਮਨ) ਪ੍ਰਭੂ ਦੇ ਗੀਤ ਗਾਉਂਦਾ ਰਹੇ, ਤਾਂ ਸੰਸਾਰ ਸਮੁੰਦਰ ਤੋਂ ਪਾਰ ਪੈ (ਮੁਕਤ ਹੋ) ਸਕਦਾ ਹੈ।੨।੩।੬।੩੮।੪੭।

ਪਦਾਰਥ = ਜਗਤ ਮੈ–ਜਗਤ ਵਿਚ।ਸਿਉ–ਨਾਲ।ਕਿਆ–ਕੀ; ਚਾਹੇ; ਭਾਵੇਂ।ਦਾਰਾ–ਇਸਤ੍ਰੀ।ਮੀਤ–ਮਿਤ੍ਰ।੧।ਰਹਾਉ।ਮੇਰਉ ਮੇਰਉ–ਮੇਰਾ ਮੇਰਾ।ਹਿਤ ਸਿਉ–ਮੋਹ ਨਾਲ।ਬਾਧਿਓ–ਬੱਝਾ ਹੋਇਆ ਹੈ।ਚੀਤ–ਚਿਤ; ਮਨ।ਅੰਤਿ ਕਾਲਿ–ਮਰਨ ਸਮੇਂ।ਸੰਗੀ–ਸਾਥੀ।ਕੋਊ–ਕੋਈ ਵੀ।ਰੀਤਿ–ਮਰਿਆਦਾ; ਰਿਵਾਜ।੧।ਅਜਹੂ–ਅਜੇ ਵੀ।ਸਿਖ–ਸਿੱਖਿਆ।ਦੈ–ਦੇ ਕੇ।ਹਾਰਿਓ–ਹਾਰ ਗਿਆ ਹਾਂ। ਨੀਤ–ਨਿੱਤ।ਭਉਜਿਲੁ–ਸੰਸਾਰ ਸਮੁੰਦਰ।ਪਾਰਿ ਪਰੈ–ਪਾਰ ਪੈ (ਲੰਘ) ਸਕਦਾ ਹੈ।ਜਉ–ਜੇਕਰ।੨।੩।੬।੩੮।੪੭।

ਮਹਲਾ ੪ ਦੇ ੬, ਮਹਲਾ ੫ ਦੇ ੩੮ ਅਤੇ ਮਹਲਾ ੯ ਦੇ ੩ ਸ਼ਬਦ।ਕੁਲ ੪੭ ਸਬਦ ਹਨ।

ਰਾਗ ਦੇਵ ਗੰਧਾਰੀ ਸੰਪੂਰਨ ਹੋ ਗਿਆ ਹੈ।